# ਫ਼ਕੀਰਾਂ ਦੇ ਵਾਰਿਸ

(ਕਾਵਿ-ਸੰਗ੍ਰਹਿ)

ਜਸਪ੍ਰੀਤ ਸਿੱਧੂ

*Poetry/Punjabi Poetry*

ISBN : 978-93-5204-084-1

**Fakiran De Waris**

*by*

**Jaspreet Sidhu**
V.P.O. Chaukiman, Teh. Jagraon
Distt. Ludhiana, Punjab
Mobile : 9781534406

2015
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
email : lokgeetparkashan@gmail.com
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2015*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਆਪਾ ਵਿਸਾਰ ਕੇ ਮਨੁੱਖਤਾ ਲਈ ਜਿਉਂਦੇ ਆਏ ਫ਼ਕੀਰਾਂ ਦੇ ਨਾਂ
ਜਿਨ੍ਹਾਂ ਸਦਕੇ ਹੈ ਸਿਰ ਸਾਡੇ ਦੁਆਵਾਂ ਦੀ ਛਾਂ ਤੇ ਪੰਜਾਬੀ ਮਾਂ।

## ਇਸੇ ਕਲਮ ਤੋਂ

* ਸ਼ਬਦਾਂ ਦੀ ਦਹਿਲੀਜ਼ (2010)
* ਤਮੰਨਾ (2012)

# ਦੋ ਸ਼ਬਦ

ਜਸਪ੍ਰੀਤ ਸਿੱਧੂ ਦੀ ਹੱਥਲੀ ਪੁਸਤਕ 'ਫ਼ਕੀਰਾਂ ਦੇ ਵਾਰਿਸ' ਉਸਦੇ ਦੋ ਕਾਵਿ-ਸੰਗ੍ਰਹਿਆਂ 'ਸ਼ਬਦਾਂ ਦੀ ਦਹਿਲੀਜ਼' ਤੇ 'ਤਮੰਨਾ' ਉਪਰੰਤ ਹੋਂਦ ਵਿੱਚ ਆਈ ਅਜਿਹੇ ਭਾਵਾਂ ਦਾ ਮੁਜੱਸਮਾ ਹੈ ਜਿਹੜੇ ਸਮਾਜ ਵਿੱਚ ਵਿਚਰਦਿਆਂ ਮਨੁੱਖੀ ਜ਼ਿੰਦਗੀ ਦੀਆਂ ਤਲਖ਼ੀਆਂ ਰੰਗੀਨੀਆਂ ਤੋਂ ਪੈਦਾ ਹੋਏ ਤਨਾਓ, ਟਕਰਾਓ ਜਾਂ ਸੁਲਝਾਓ ਦਾ ਰੂਪ ਧਾਰਦੇ ਹਨ। ਇਹਨਾਂ ਵਿੱਚ ਜ਼ਿੰਦਗੀ ਦੀ ਵਾਸਤਵਿਕਤਾ ਲੁਕੀ ਹੋਈ ਹੈ। ਉਹ ਕਵਿਤਾ ਨੂੰ ਫ਼ੈਸ਼ਨ ਵਜੋਂ ਜਾਂ ਵਪਾਰ ਵਜੋਂ ਪ੍ਰਵਾਨ ਨਹੀਂ ਕਰਦੀ ਸਗੋਂ ਆਪੋਧਾਪੀ ਦੇ ਇਸ ਮਾਹੌਲ ਵਿੱਚ ਕਵਿਤਾ ਲਿਖਣ ਨੂੰ ਇੱਕ ਲੋੜ ਵਜੋਂ ਪ੍ਰਵਾਨ ਕਰਦੀ ਹੋਈ ਆਪਣੇ ਅੰਦਰੋਂ ਚਸ਼ਮੇ ਵਾਂਗ ਆਪ ਮੁਹਾਰੇ ਫੁੱਟੇ ਭਾਵਾਂ ਨੂੰ ਸ਼ਾਬਦਿਕ ਜਾਮਾ ਪਹਿਨਾ ਕੇ ਪਰੋਸਣ ਵਿੱਚ ਸਕੂਨ ਭਾਲਦੀ ਹੈ—

- ਜੁਟ ਜਾਓ ਆਤੰਕ ਦੇ ਤੇ ਸਭ ਭੇਦਾਂ ਦੇ ਜੁਆਬ ਲਈ।
  ਸੁਆਲ ਬਣੇ ਭਵਿੱਖ ਦੀਆਂ ਅੱਖਾਂ ਦੇ ਆਬ ਲਈ।

- ਹੁਣ ਤਾਂ ਵਸਤਾਂ ਵਰਗੇ ਲੋਕ
  ਤੇ ਲੋਕਾਂ ਜਿਹੀਆਂ ਵਸਤਾਂ ਨੇ
  ਜਿੱਥੇ ਜਾ ਕੇ ਦਰਦ ਸੁਣਾਈਏ
  ਖ਼ੁਸ਼ੀਆਂ ਦੀ ਕੋਈ ਬਾਤ ਬਣਾਈਏ
  ਐਸਾ ਕੋਈ ਦਰ ਨਹੀਂ ਤਾਂ
  ਐ ਕਵਿਤਾ ਤੇਰਾ ਦਰ ਤਾਂ ਹੈ।

ਇਸ ਲਈ ਉਹ ਸਨਮਾਨ ਦੇ ਭੁੱਖੇ ਸ਼ਾਇਰਾਂ ਉੱਤੇ ਵਿਅੰਗ ਕਰਦੀ ਲਿਖਦੀ ਹੈ—

ਸਨਮਾਨਾਂ ਦੇ ਵਪਾਰੀ ਵੀ ਕਵਿਤਾ ਲਿਖ ਲੈਂਦੇ ਨੇ
ਜਿਉਂ ਹਉਮੈਂ ਦੀ ਕਾਲਖ਼ ਤੇ ਕੋਈ ਦਾਗ਼ ਨਹੀਂ ਹੁੰਦਾ।

ਉਸਦਾ ਕੋਮਲ ਹਿਰਦਾ ਰੱਬ ਦੇ ਬਰਾਬਰ ਉੱਚਾ ਰੁਤਬਾ ਗ੍ਰਹਿਣ ਕਰਨ ਵਾਲੀ ਮਾਂ ਦੀ ਅਥਾਹ ਮਮਤਾ ਅੱਗੇ ਸਿਜਦਾ ਕਰਨ ਲਈ ਆਪ ਮੁਹਾਰੇ ਝੁਕ ਜਾਂਦਾ ਹੈ ਜਿਸਦੀ ਪਿਆਰੀ ਗੋਦ ਦਾ ਨਿੱਘ ਆਪਣੀ ਔਲਾਦ ਨੂੰ ਹਰ ਤਰ੍ਹਾਂ ਦੇ ਦੁੱਖਾਂ ਤੋਂ ਬਚਾਉਂਦਾ ਹੈ। ਇਹ ਜਗ ਜਨਨੀ ਆਪਣੀ ਔਲਾਦ ਨੂੰ ਜਨਮ ਦੇ ਕੇ ਹੀ ਆਪਣੇ ਫ਼ਰਜ਼ ਤੋਂ ਵਿਹਲੀ ਨਹੀਂ ਹੋ ਜਾਂਦੀ ਸਗੋਂ ਉਂਗਲ ਫੜ ਕੇ ਚੱਲਣ ਦਾ ਬਲ ਬਖਸ਼ਦੀ ਸਾਰੀ ਦੁਨੀਆਂ ਨਾਲ ਸਿੱਝਣਾ ਸਿਖਾਉਂਦੀ ਹੈ। ਇਸ ਸੰਘਣੀ ਛਾਂ ਦੀ ਕਦਰ ਨੂੰ ਉਸਨੇ ਵਧੇਰੇ ਸੰਜੀਦਗੀ ਸਹਿਤ ਪੇਸ਼ ਕੀਤਾ ਹੈ। ਮਾਂ ਦੇ ਸਵਾਰਥ ਤੋਂ ਕੋਰੇ ਰਿਸ਼ਤੇ ਨੂੰ

ਵਡਿਆਇਆ ਹੈ, ਉਸਨੂੰ ਸਵਰਗਾਂ ਦੀ ਸਿਰਜਕ ਮੰਨਿਆ ਹੈ, ਜਿਸਦੇ ਸੀਨੇ ਅੰਦਰ ਮਮਤਾ ਦਾ ਅਸੀਮ ਠਾਠਾਂ ਮਾਰਦਾ ਦਰਿਆ ਡਕਿਆ ਹੋਇਆ ਹੈ। ਉਹ ਦਿਲ ਦੀਆਂ ਰਮਜ਼ਾਂ ਬੁੱਝਣ ਵਾਲੀ ਹੈ—

ਦਿਲ ਦੀਆਂ ਪਰਤਾਂ
ਰੂਹ ਦੀਆਂ ਤਨਜ਼ਾਂ
ਚੁੱਪ ਵਿੱਚੋਂ ਵੀ ਜਾਣੇ
ਮਾਂ ਮੇਰੀਆਂ ਰਮਜ਼ਾਂ।

ਇਸੇ ਤਰ੍ਹਾਂ ਪਿਤਾ ਪ੍ਰਤੀ ਨਿੱਘ ਦਾ ਅਹਿਸਾਸ ਉਦੋਂ ਹੁੰਦਾ ਹੈ ਜਦੋਂ ਇੱਕਲਤਾ ਦਾ ਅਹਿਸਾਸ ਹੰਢਾਉਂਦਿਆਂ ਅਲਗਾਵ ਦੀ ਭਾਵਨਾ ਅਧੀਨ ਵਿਚਰਦੇ ਨਿੱਘ ਤੋਂ ਕੋਰੇ ਰਿਸ਼ਤਿਆਂ ਸਾਹਮਣੇ ਬਾਪੂ ਦੀਆਂ ਨਿੱਘੀਆਂ ਬਾਤਾਂ ਵਧੇਰੇ ਖਿੱਚ ਪਾਉਂਦੀਆਂ ਹਨ। ਪਿਤਾ ਦੁਆਰਾ ਤਾਣੀ ਸੁਰੱਖਿਆ ਦੀ ਛੱਤਰੀ ਸਾਰੇ ਤਰ੍ਹਾਂ ਦੇ ਦੁੱਖਾਂ ਤੋਂ ਬਚਾਉਂਦੀ ਹੈ—

ਨੀਲੀ ਛੱਤਰੀ ਕਰ ਕੇ ਰੱਖੇ
ਜਿਗਰ ਹੌਂਸਲਾ ਭਰ ਕੇ ਰੱਖੇ
ਬਾਪੂ ਨਾਲ ਹੀ ਸਿਖਰਾਂ ਰੱਬਾ
ਬਾਪੂ ਨਾਲ ਨਾ ਫਿਕਰਾਂ ਰੱਬਾ
ਧੀ ਪੁੱਤਰਾਂ ਲਈ ਛੱਤ ਹੁੰਦੇ ਨੇ
ਘਰ ਦੀ ਸਿਆਣੀ ਸੱਥ ਹੁੰਦੇ ਨੇ
ਬਾਪੂ ਵੀ ਤਾਂ ਰੱਬ ਹੁੰਦੇ ਨੇ।

ਭੈਣ ਭਰਾ ਦੇ ਪਿਆਰ ਨੂੰ ਥਾਂ-ਥਾਂ ਗਾਵਿਆਂ ਹੈ। ਉਸਦੀ ਨਜ਼ਰ ਵਿੱਚ ਇਸ ਨਾਲੋਂ ਪਵਿੱਤਰ ਰਿਸ਼ਤਾ ਹੋਰ ਕੋਈ ਹੋ ਹੀ ਨਹੀਂ ਸਕਦਾ ਤੇ ਭੈਣ ਭਰਾ ਪਿਆਰ ਦੀ ਅਣਹੋਂਦ ਨੂੰ ਰੱਖੜੀ ਤੋਂ ਸੱਖਣਾ ਗੁੱਟ ਹੀ ਮਹਿਸੂਸ ਕਰ ਸਕਦਾ ਹੈ—

ਚਾਵਾਂ ਰੁੱਤੀਂ ਭੈਣ ਮੋਈ
ਖੇਡਣ ਰੁੱਤੀਂ ਵੀਰ
ਇੰਜ ਬਚਪਨ ਦੀ ਰੁੱਤ ਬੀਤ ਗਈ
ਅੱਖੀਂ ਭਰਿਆ ਨੀਰ
ਦਿਲ ਝੱਲਾ ਰਹਿ ਗਿਆ ਕੱਲਾ
ਹੁਣ ਜੀਵੇ ਕਿੰਝ ਨਿਮਾਣਾ।

ਉਹ ਉਸ ਸਮਾਜ ਨੂੰ ਲਾਹਨਤਾਂ ਪਾਉਂਦੀ ਨਹੀਂ ਥੱਕਦੀ ਜਿੱਥੇ ਧੀ ਦਾ ਜਨਮ ਅਭਾਗਾ ਹੋਣ ਕਰਕੇ ਸੋਗ ਮਨਾਇਆ ਜਾਂਦਾ ਹੈ। ਮਹਾਂਪੁਰਸ਼ਾਂ, ਰਾਜਿਆਂ ਮਹਾਰਾਜਿਆਂ ਨੂੰ ਆਪਣੀ ਕੁੱਖ ਤੋਂ ਜਨਮ ਦੇਣ ਵਾਲੀ ਔਰਤ ਨੂੰ ਸਤਿਕਾਰਨ ਦੀ ਥਾਂ ਦੁਰਕਾਰਿਆ ਜਾਂਦਾ ਹੈ ਇਸ ਲਈ ਔਰਤ ਉੱਤੇ ਸੋਸ਼ਣ ਕਰਨ ਵਾਲੇ ਮਰਦ ਪ੍ਰਧਾਨ ਸਮਾਜ ਨੂੰ ਲਾਹਨਤਾਂ ਪਾਉਂਦੀ ਹੋਈ ਧੀਆਂ ਪ੍ਰਤੀ ਹਾਂ ਪੱਖੀ ਰਵੱਈਆ ਅਪਣਾਉਣ ਲਈ

ਝੋਲੀਆਂ ਅੱਡਦੀ ਹੈ—

ਤਕਦੀਰ ਧੀਆਂ ਦੀ ਬੁਰੀ ਨਹੀਂ ਏ,
ਬੁਰੀਆਂ ਲੋਕ ਨਿਗਾਹਾਂ ਹੁੰਦੀਆਂ।
ਧੁੱਪਾਂ ਜਰ ਕੇ ਛਾਵਾਂ ਦਿੰਦੀਆਂ
ਇਹ ਵੀ ਤਾਂ ਪਨਾਹਾਂ ਹੁੰਦੀਆਂ
ਸਜਦਾ ਕਰਿਓ ਐ ਦੁਨੀਆਂਦਾਰੋ
ਰੱਬ ਦੇ ਘਰ ਦੀਆਂ ਰਾਹਾਂ ਹੁੰਦੀਆਂ।

ਮਾਨਵ ਹਿਤੈਸ਼ੀ ਹੋਣ ਕਰਕੇ ਉਸਨੇ ਸਵਾਰਥੀ ਰੁਚੀਆਂ ਨਾਲ ਭਰੀ ਗੰਧਲੀ ਰਾਜਨੀਤੀ ਨੂੰ ਭੰਡਿਆ ਹੈ ਜਿੱਥੇ ਲੋਕਤੰਤਰੀ ਢਾਂਚੇ ਵਿੱਚ ਲੋਕਾਂ ਦੀ ਹੀ ਖਿੱਲੀ ਉਡਾਈ ਜਾਂਦੀ ਹੈ। ਜਿੱਥੇ ਧਰਮ ਦੇ ਨਾਂ 'ਤੇ ਖ਼ੂਨ ਦੀਆਂ ਹੋਲੀਆਂ ਖੇਡੀਆਂ ਜਾਂਦੀਆਂ ਹਨ, ਧਰਮ ਦੀ ਆੜ ਵਿੱਚ ਕੁਫ਼ਰ ਤੋਲਿਆ ਜਾਂਦਾ ਹੈ, ਹੈਵਾਨੀਅਤ ਦਾ ਨੰਗਾ ਨਾਚ ਨੱਚਿਆ ਜਾਂਦਾ ਹੈ। ਅਜਿਹਾ ਘਿਨਾਉਣਾ ਵਾਤਾਵਰਨ ਉਸਦੀ ਹਿੱਕੜੀ ਅੰਦਰ ਨਫ਼ਰਤ ਦੇ ਭਾਂਬੜ ਬਾਲਦਾ ਹੈ ਇਸ ਲਈ ਉਹ ਤੜਪ ਉੱਠਦੀ ਹੈ—

ਧਰਮ ਦੀ ਸ਼ਮਸ਼ੀਰ, ਮਨੁੱਖਤਾ ਦੇ ਭਲੇ ਲਈ ਉੱਠਦੀ ਏ,
ਮਨੁੱਖਤਾ ਦੇ ਘਾਣ ਲਈ ਨਹੀਂ
ਬੇਆਸਰਿਆਂ ਦੇ ਆਸਰੇ ਲਈ ਉੱਠਦੀ ਏ
ਮਨਮੁੱਖਾਂ ਦੇ ਮਾਣ ਲਈ ਨਹੀਂ।

ਅਜੋਕੇ ਦੌਰ ਵਿੱਚ ਪੱਛਮੀਕਰਨ ਦਾ ਪ੍ਰਭਾਵ ਸਾਨੂੰ ਹਰ ਪੱਖੋਂ ਪ੍ਰਭਾਵਿਤ ਕਰ ਰਿਹਾ ਹੈ। ਪੈਸੇ ਦੀ ਪ੍ਰਧਾਨਤਾ ਕਰਕੇ ਸਾਡੇ ਆਪਸੀ ਰਿਸ਼ਤੇ ਤਿੜਕ ਗਏ ਹਨ, ਸਾਂਝਾ ਭਾਈਚਾਰਾ ਖੇਰੂੰ-ਖੇਰੂੰ ਹੋ ਰਿਹਾ ਹੈ। ਅਪਣੱਤ ਦੀ ਭਾਵਨਾ ਤੋਂ ਕੋਰੇ, ਫ਼ੋਕੀ ਹਮਦਰਦੀ ਵਾਲੇ ਅੰਦਰੋਂ ਖੋਖਲੇ ਰਿਸ਼ਤਿਆਂ ਵਿੱਚ ਕੋਈ ਦਿਲੀ ਸਾਂਝ ਨਹੀਂ ਰਹੀ—

ਹਰਿਆਂ ਤੋਂ ਪੀਲੇ
ਪੈ ਗਏ ਇਹ ਰਿਸ਼ਤੇ
ਪਰਿਵਾਰੋਂ ਤਿੜਕਦਾ
ਜ਼ਮਾਨਾ ਆ ਗਿਆ।

ਮਸ਼ੀਨਾਂ ਉੱਤੇ ਕੰਮ ਕਰਦੇ ਸਵੈ-ਕੇਂਦਰਿਤ, ਸਵਾਰਥੀ, ਪੈਸੇ ਦੇ ਮਿੱਤਰ ਮਨੁੱਖ ਦਾ ਆਪਸੀ ਵਰਤਾਓ ਵੀ ਮਸ਼ੀਨੀ ਹੋ ਗਿਆ ਹੈ। ਅਪਣੱਤ ਦੀ ਭਾਵਨਾ ਤੋਂ ਕੋਰਾ ਮਨੁੱਖ ਦੁਨੀਆਂ ਦੀ ਭੀੜ ਵਿੱਚ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਮਨੁੱਖੀ ਜ਼ਿੰਦਗੀ ਅੰਦਰੋਂ ਮਨਫ਼ੀ ਹੁੰਦੀ ਜਾ ਰਹੀ ਮਨੁੱਖਤਾ, ਅਮਾਨਵੀ ਰਿਸ਼ਤੇ ਅਨੇਕਾਂ ਕਵਿਤਾਵਾਂ ਦੀ ਬੁਣਤੀ ਦਾ ਆਧਾਰ ਹਨ

ਕਿਤੇ ਇਹ ਨਾ ਹੋਵੇ
ਤੇਰੀ ਆਉਣ ਵਾਲੀ ਪੀੜ੍ਹੀ
ਵਸਤਾਂ ਤੇ ਇਨਸਾਨਾਂ ਦਾ
ਫ਼ਰਕ ਹੀ ਨਾ ਸਮਝੇ।

ਜਸਪ੍ਰੀਤ ਸਿੱਧੂ ਨੂੰ ਭੂਗੋਲਿਕ ਪੱਖੋਂ ਖ਼ੂਬਸੂਰਤ ਸਵਰਗ ਦਾ ਟੁੱਕੜਾ, ਪਹਾੜਾਂ, ਮੈਦਾਨਾਂ, ਨਦੀਆਂ, ਨਾਲਿਆਂ ਨਾਲ ਸ਼ਿੰਗਾਰੀ ਰੱਬੀ ਰਹਿਮਤਾਂ ਪ੍ਰਾਪਤ ਕਰ ਚੁੱਕੀ ਧਾਰਮਿਕ ਸਹਿਣਸ਼ੀਲਤਾ ਦਾ ਪਾਠ ਪੜ੍ਹਾਉਣ ਵਾਲੀ ਪੰਜਾਬ ਦੀ ਧਰਤੀ ਆਪਣੀ ਜਿੰਦਜਾਨ ਮਹਿਸੂਸ ਹੁੰਦੀ ਹੈ, ਜਿਸਦੀ ਆਗੋਸ਼ ਦਾ ਨਿੱਘ ਮਾਣਦਿਆਂ ਰਿਸ਼ੀਆਂ-ਮੁਨੀਆਂ, ਪੀਰਾਂ-ਫ਼ਕੀਰਾਂ ਨੇ ਮਹਾਨ ਵੇਦਾਂ ਗ੍ਰੰਥਾਂ ਦੀ ਰਚਨਾ ਕੀਤੀ। ਇਹ ਧਰਤੀ ਧੁਰ ਤੋਂ ਹੀ ਕੁਦਰਤੀ ਦਾਤਾਂ ਦੀ ਬਹੁਲਤਾ ਕਰਕੇ ਵਿਦੇਸ਼ੀ ਹਮਲਾਵਰਾਂ ਦੀ ਲੁੱਟ ਦਾ ਨਿਸ਼ਾਨਾ ਰਹੀ ਹੈ ਪਰੰਤੂ ਇਸ ਧਰਤੀ ਦੀ ਆਨ ਸ਼ਾਨ ਕਾਇਮ ਰੱਖਣ ਲਈ ਇੱਥੋਂ ਦੇ ਵਾਸੀਆਂ ਨੇ ਹਮੇਸ਼ਾ ਆਪਣੀ ਜਾਨ 'ਤੇ ਖੇਡ ਕੇ ਵੈਰੀਆਂ ਦਾ ਮੁਕਾਬਲਾ ਕੀਤਾ। ਆਪਣੇ ਅਜਿਹੇ ਗੌਰਵਮਈ ਵਿਰਸੇ ਸਦਕਾ ਵੀ ਇਹ ਧਰਤੀ ਆਪਣਿਆਂ ਹੱਥੋਂ ਵਿਤਕਰੇ ਦਾ ਸ਼ਿਕਾਰ ਰਹੀ ਹੈ ਜਿਸਦਾ ਪ੍ਰਗਟਾਵਾ ਇਸ ਪੁਸਤਕ ਵਿੱਚ ਦਰਜ ਕਵਿਤਾ 'ਸੁਨਹਿਰੀ ਜ਼ਿਕਰ ਪੰਜਾਬ' ਅਧੀਨ ਇਉਂ ਹੋਇਆ ਹੈ—

ਰਿਹਾ ਖੜਗ ਭੁਜਾ ਬਣਿਆ
ਤੇਰਾ ਮੁੱਢ ਵੀ ਤੇ ਮੱਧ ਵੀ
ਕਿਵੇਂ ਅੱਜ ਨੂੰ ਤੁਲਨਾਵਾਂ
ਰਿਹਾ ਨਾ ਜੋ ਅੱਧ ਵੀ
......................
ਐ ਸੰਤਾਲੀ ਦੇ ਹੰਝੂਆਂ
ਚੁਰਾਸੀ ਦੇ ਦਰਦਾਂ
ਰਿਹਾ ਟੁਕੜਿਆਂ 'ਚ ਵਟਦਾ
ਤੂੰ ਸੀ ਵੀ ਨੀ ਕਰਦਾ
.....................
ਐ ਮੇਰੇ ਇਮਤਿਹਾਨ
ਮੈਨੂੰ ਗੁਰੂਆਂ ਦੀ ਥਾਪੀ
ਹਰ ਟੁਕੜੇ ਦੀ ਦੂਰੀ
ਮੇਰੇ ਪੁੱਤਾਂ ਨੇ ਨਾਪੀ
ਮੇਰੇ ਦਰਦਾਂ ਦੇ ਹਾਮੀ
ਮੈਂ ਪਾਇਆ ਬੜਾ ਕੁਝ
ਪਰ ਤੇਰੇ ਹੀ ਸਾਹਵੇਂ
ਗੁਆਇਆ ਬੜਾ ਕੁੱਝ।

ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸੁਨਹਿਰੇ ਭਵਿੱਖ ਦੀ ਆਸ ਲਈ ਸੱਚੇ ਦਿਲੋਂ ਚਾਹਵਾਨ ਹੈ ਇਸ ਲਈ ਉਸਨੂੰ ਪੰਜਾਬ ਤੇ ਪੰਜਾਬੀ ਭਾਸ਼ਾ ਨਾਲ ਹੁੰਦੇ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਨੂੰ ਸਹਿਣ ਕਰਨਾ ਔਖਾ ਜਾਪਦਾ ਹੈ। ਆਪਣੇ ਇਸ ਮੋਹ ਸਦਕਾ ਉਹ ਗ਼ੈਰ ਬੋਲੀਆਂ ਦਾ ਪੱਲਾ ਫੜਨ ਵਾਲੇ ਪੰਜਾਬੀਆਂ ਨੂੰ ਹਲੂਣਦੀ

ਹੋਈ ਪੰਜਾਬੀ ਬੋਲੀ ਦਾ ਮਾਣ ਵਧਾਉਣ ਦੀਆਂ ਅਰਜ਼ੋਈਆਂ ਇਸ ਪ੍ਰਕਾਰ ਕਰਦੀ ਹੈ—

ਤੂੰ ਫੇਰ ਲਿਆ ਜੇ ਮਾਂ ਬੋਲੀ ਤੋਂ ਮੂੰਹ ਆਪਣਾ
ਭਾਵਾਂ ਭਰੀਆਂ 'ਵਾਵਾਂ ਨੂੰ ਵੀ ਤਰਸੇਂਗਾ
ਚਕਾਚੌਂਧ ਦੇ ਰਾਹੇ ਪਏ ਪੰਜਾਬੀਆਂ ਓਏ
ਨਾਨਕ ਬੁੱਲ੍ਹੇ ਪੂਰਨ ਕੋਲ ਕਦ ਪਰਤੇਂਗਾ
.......................
ਮਾਂ ਨਾਲ ਹੀ ਰਿਸ਼ਤੇ ਬਣਦੇ ਦੁਨੀਆਂ 'ਤੇ
ਦੂਰ ਪੰਜਾਬੀਓਂ ਹੋ ਕੇ 'ਕੱਲਾ ਭਟਕੇਂਗਾ।

ਇੱਕ ਡੂੰਘੇ ਦਾਰਸ਼ਨਿਕ ਵਾਂਗ ਉਸਨੂੰ ਪੱਤਝੜ ਦੀ ਰੁੱਤ ਵਿੱਚੋਂ ਵੀ ਖੇੜੇ ਦੀ ਕਨਸੋਅ ਆਉਂਦੀ ਜਾਪਦੀ ਹੈ। ਨਿਰਾਸ਼ਾ ਵਿਚੋਂ ਆਸ਼ਾ ਦਾ ਸੰਚਾਰ ਕਰਨਾ ਇਸ ਪੁਸਤਕ ਦਾ ਹਾਸਲ ਹੈ। ਉਸਨੇ ਆਪਣੇ ਬਹੁਮੁੱਲੇ ਵਿਰਸੇ ਤੋਂ ਬੇਮੁੱਖ ਹੋਈ ਊਣਾਂ ਵਿੱਚ ਜਿਊਂਦੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਆਪਣਾ ਕੀਮਤੀ ਵਿਰਸਾ ਪਛਾਣਨ ਲਈ ਜਾਗਰੂਕ ਕਰਨਾ ਆਪਣਾ ਟੀਚਾ ਮਿਥਿਆ ਹੈ—

ਕਦੇ ਤਾਂ ਪਰਤਣਗੇ
ਸਵੇਰ ਦੇ ਭੁੱਲੇ
ਸ਼ਾਮ ਤੱਕ ਘਰਾਂ ਨੂੰ
ਮਾਖਿਓਂ ਮਿੱਠੀ ਬੋਲੀ ਤੇ
ਫ਼ਕੀਰਾਂ ਦੇ ਵਾਰਿਸ
ਹਾਂ ਮਾਂ
ਚੀਰਨਗੇ ਹਨੇਰਿਆਂ ਨੂੰ
ਪਾ ਲੈਣਗੇ ਸਵੇਰਿਆਂ ਨੂੰ
ਫ਼ਕੀਰਾਂ ਦੇ ਵਾਰਿਸ।

ਇਸ ਪ੍ਰਕਾਰ ਨਿੱਜੀ ਤੇ ਲੋਕ ਪੱਧਰ ਦੇ ਵਿਚਾਰਾਂ ਨੂੰ ਆਪਣੀ ਬੁੱਕਲ ਅੰਦਰ ਸਮੋਈ ਬੈਠੀ ਸ਼ਾਇਸਤਗੀ ਭਰਪੂਰ ਪੁਸਤਕ 'ਫ਼ਕੀਰਾਂ ਦੇ ਵਾਰਿਸ' ਹਰੇਕ ਉਮਰ ਦੇ ਪਾਠਕਾਂ ਲਈ ਮਾਨਣਯੋਗ ਹੈ। ਜਸਪ੍ਰੀਤ ਸਿੱਧੂ ਤੋਂ ਹੋਰ ਵੀ ਅਜਿਹੀਆਂ ਰਚਨਾਵਾਂ ਦੀ ਆਸ ਬੱਝਦੀ ਹੈ। ਰੱਬ ਉਸਦੀ ਕਲਮ ਨੂੰ ਹੋਰ ਸਮਰੱਥਾ ਬਖਸ਼ੇ।

**—ਡਾ. ਭੁਪਿੰਦਰ ਕੌਰ**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**

# ਜ਼ਿੰਦਗੀ ਦੇ ਵਿਭਿੰਨ ਪਹਿਲੂ ਚਿਤਰਦੀ ਕਵਿਤਾ

ਜਸਪ੍ਰੀਤ ਸਿੱਧੂ ਉਭਰ ਰਹੀ ਨਵੀਂ ਕਵਿੱਤਰੀ ਹੈ। 'ਸ਼ਬਦਾਂ ਦੀ ਦਹਿਲੀਜ਼' ਅਤੇ 'ਤਮੰਨਾ' ਤੋਂ ਬਾਅਦ 'ਫ਼ਕੀਰਾਂ ਦੇ ਵਾਰਿਸ' ਉਸਦਾ ਤੀਸਰਾ ਕਾਵਿ-ਸੰਗ੍ਰਹਿ ਹੈ। ਪੰਜਾਬੀ ਕਵੀਆਂ ਦੀ ਬਹੁਤ ਲੰਬੀ ਫ਼ਹਿਰਿਸਤ ਵਿੱਚ ਸਿੱਧੂ ਦਾ ਨਾਮ ਵੀ ਜੁੜ ਗਿਆ। ਸਮਕਾਲੀ ਕਵਿਤਾ ਵਿੱਚ ਬਹੁਤ ਰੰਗ ਰੂਪ ਉਪਲੱਬਧ ਹਨ। ਆਮ ਕਰਕੇ ਅੱਜ ਬਹੁਤੀ ਕਵਿਤਾ ਹਾਸ਼ੀਏ ਤੇ ਚੱਲੀ ਗਈ ਹੈ। ਇਸ ਦਾ ਕਾਰਨ ਹੈ ਕਵਿਤਾ ਵਿੱਚ ਨਾ ਕੋਈ ਜੀਵਨ ਫ਼ਲਸਫ਼ਾ ਹੈ, ਨਾ ਕੋਈ ਦਿਸ਼ਾ-ਨਿਰਦੇਸ਼ ਹੈ, ਨਾ ਹੀ ਉਸ ਵਿੱਚ ਕਾਵਿਕਤਾ ਹੈ। ਜੇ ਹੈ ਤਾਂ ਸਿਰਫ਼ ਲੱਚਰਵਾਦ, ਦੇਹਵਾਦ, ਊਲ-ਜਲੂਲਵਾਦ ਜਾਂ ਫਿਰ ਕਵਿਤਾ ਭਾਰੀ ਭਰਕਮ ਅਲੰਕਾਰਾਂ, ਬਿੰਬਾਂ, ਪ੍ਰਤੀਕਾਂ ਅਤੇ ਚਿੰਨ੍ਹਾਂ ਨਾਲ ਸ਼ਿੰਗਾਰੀ ਹੋਈ ਹੁੰਦੀ ਹੈ, ਜਿਸ ਨੂੰ ਸਮਝਣਾ ਆਮ ਬੰਦੇ ਦੇ ਵੱਸ ਨਹੀਂ ਹੁੰਦਾ। ਪਰ ਸਿੱਧੂ ਦੀ ਕਵਿਤਾ ਵਿੱਚ ਕਾਵਿਕਤਾ ਵੀ ਹੈ, ਅਰਥਵਾਨ ਵੀ ਹੈ ਅਤੇ ਇਸਦੇ ਅਰਥਸੰਚਾਰ ਵਿੱਚ ਵੀ ਕੋਈ ਦਿੱਕਤ ਨਹੀਂ ਆਉਂਦੀ। ਸਿੱਧੂ ਦੀ ਕਵਿਤਾ ਵਿੱਚ ਨਿੱਕੇ-ਮੋਟੇ ਦੋਸ਼ ਤਾਂ ਮੌਜੂਦ ਹਨ ਪਰੰਤੂ ਸਮਕਾਲੀ ਕਵਿਤਾ ਵਾਂਗ ਵੱਡੇ ਦੋਸ਼ਾਂ ਤੋਂ ਸਿੱਧੂ ਦੀ ਕਵਿਤਾ ਮੁਕਤ ਹੈ। ਪ੍ਰਗੀਤਕ ਕਵਿਤਾ ਵਿੱਚੋਂ ਵੈਸੇ ਵੀ ਕਵਿਤਾ ਦੀ ਹੋਂਦ ਵਿਧੀ ਤਲਾਸ਼ਣੀ ਕਠਿਨ ਨਹੀਂ ਹੁੰਦੀ। ਤਰੰਨਮ ਅਤੇ ਲੈਅ (ਲਿਰਿਕ) ਕਵਿਤਾ ਦੀ ਜਿੰਦ-ਜਾਨ ਹੁੰਦੇ ਹਨ। ਜਿਸ ਵਿੱਚ ਪ੍ਰਗੀਤਕ ਅੰਸ਼ ਨਾ ਹੋਵੇ ਉਸ ਕਵਿਤਾ ਨੂੰ ਕਵਿਤਾ ਕਹਿਣਾ ਕਵਿਤਾ ਦੀ ਤੌਹੀਨ ਕਰਨਾ ਹੈ। ਸਿੱਧੂ ਦੀ ਕਵਿਤਾ ਵਿੱਚ ਅਜਿਹੇ ਅਨੇਕ ਗੁਣ ਨਿਹਿਤ ਹਨ, ਜਿਨ੍ਹਾਂ ਕਰਕੇ ਇਹ ਮਾਣਨਯੋਗ, ਸਮਝਣਯੋਗ ਅਤੇ ਗ੍ਰਹਿਣ ਕਰਨ ਯੋਗ ਹੈ।

ਸਿੱਧੂ ਕਵਿਤਾ ਦੇ ਕੇਂਦਰ ਵਿੱਚ ਜ਼ਿੰਦਗੀ ਦੇ ਉਸਾਰੂ ਪੱਖਾਂ ਸਮੇਤ ਨਿੱਜ ਤੋਂ ਪਰ ਵੱਲ ਦੇ ਵਿਭਿੰਨ ਸਰੋਕਾਰਾਂ ਨੂੰ ਪ੍ਰਮੁੱਖ ਸਥਾਨ ਹਾਸਲ ਹੈ। ਉਸਦੀ ਲਗਭਗ ਸਰਬਾਂਗੀ ਕਵਿਤਾ ਜ਼ਿੰਦਗੀ ਦੇ ਵਿਭਿੰਨ ਪੱਖਾਂ ਅਤੇ ਸਰੋਕਾਰਾਂ ਨੂੰ ਵੱਖ-ਵੱਖ ਕੋਣਾਂ ਤੋਂ ਸਮਝਾਉਂਦੀ ਹੈ। ਪੂੰਜੀਵਾਦੀ ਵਿਸ਼ਵੀਕਰਨ ਦੇ ਕਾਰਨ ਸਮਕਾਲੀ ਜ਼ਿੰਦਗੀ ਕਰੂਰ ਅਤੇ ਬਰਬਾਦ ਹੁੰਦੀ ਜਾ ਰਹੀ ਹੈ। ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਮਨੁੱਖ 'ਚੋਂ ਮਨੁੱਖਤਾ ਖਤਮ ਹੋ ਰਹੀ ਹੈ। ਮਨੁੱਖ ਪਵਿੱਤਰ ਰਿਸ਼ਤਿਆਂ ਨੂੰ ਤਿਲਾਂਜਲੀ ਦਿੰਦਾ ਜਾ ਰਿਹਾ ਹੈ। ਰਿਸ਼ਤਿਆਂ ਦਾ ਬਾਜ਼ਾਰੂਕਰਨ ਹੋ ਗਿਆ ਹੈ। ਲੋਕਾਂ ਵਿੱਚ ਪਰਸਪਰ ਪਿਆਰ, ਸਾਂਝ, ਭਾਈਚਾਰਾ ਅਤੇ ਮਿਲਵਰਤਨ ਨਹੀਂ ਰਿਹਾ। ਰਿਸ਼ਤਿਆਂ ਦਾ ਮਾਣ ਅਤੇ ਦਰਜਾ ਹੇਠਾਂ ਖਿਸਕ ਗਿਆ, ਪੈਸਾ ਹੀ ਮਨੁੱਖ ਦਾ ਇੱਕ ਅਹਿਮ ਰਿਸ਼ਤਾ ਬਣ ਗਿਆ ਹੈ। ਸਿੱਧੂ ਅਮਾਨਵੀ ਰਿਸ਼ਤੇ ਨਹੀਂ ਚਾਹੁੰਦੀ। ਉਹ ਆਪਣੀਆਂ ਕਵਿਤਾਵਾਂ ਰਾਹੀਂ ਪੈਸੇ, ਨਫ਼ਰਤ ਦੀ ਥਾਂ ਤੇ ਪਵਿੱਤਰ ਰਿਸ਼ਤਿਆਂ ਨੂੰ ਜੋੜ ਕੇ ਰੱਖਣਾ ਚਾਹੁੰਦੀ

ਹੈ। ਉਹ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਬਿਖਰਾਓ ਦੀ ਥਾਂ ਮੋਹ-ਪਿਆਰ, ਸਾਂਝ-ਮਿਲਵਰਤਨ ਦੇ ਪਾਕ ਰਿਸ਼ਤੇ ਸਥਾਪਤ ਕਰਨਾ ਚਾਹੁੰਦੀ ਹੈ। ਸਿੱਧੂ ਦਾ ਮੱਤ ਹੈ ਕਿ ਰਿਸ਼ਤਿਆਂ ਬਿਨਾ ਜ਼ਿੰਦਗੀ ਬੇਅਰਥੀ ਹੈ। ਜ਼ਿੰਦਗੀ ਅਤੇ ਰਿਸ਼ਤੇ ਇੱਕੋ ਸਿੱਕੇ ਦੇ ਦੋ ਪਾਸੇ ਹੁੰਦੇ ਹਨ—

ਆਓ ਰਲ ਕੇ ਜ਼ਿੰਦਗੀ ਦੇ
ਕੁੱਝ ਜਿਉਂਦੇ ਪਲ ਸਿਰਜੀਏ
ਆਓ ਸਿਰਜੇ ਹੋਏ ਪਲਾਂ ਨੂੰ
ਖੇੜੇ ਸੰਗ ਭਰੀਏ
ਆਓ ਮਨੁੱਖਤਾ ਦਾ
ਧਰਮ ਨਿਭਾਈਏ
ਆਓ ਕੋਈ ਧਰਮ ਦਾ
ਕਰਮ ਕਰੀਏ
ਆਓ ਰਿਸ਼ਤਿਆਂ 'ਚ ਮਨੁੱਖਤਾ ਦਾ
ਵਾਸਤਾ ਭਰੀਏ
ਆਓ ਸਾਰੇ ਜ਼ਿੰਦਗੀ ਦੇ
ਨੇਕ ਅਹਿਦ ਕਰੀਏ

ਰਿਸ਼ਤਿਆਂ ਪ੍ਰਤੀ ਸਿੱਧੂ ਬਹੁਤ ਹੀ ਸੰਵੇਦਨਸ਼ੀਲ ਹੈ। 'ਮਾਂ ਦੀਆਂ ਯਾਦਾਂ', 'ਮੈਂ ਕਵਿਤਾ ਕਦੋਂ ਪੜ੍ਹਾਂਗਾ', 'ਵੀਰਾ ਚਿਰ ਨਾ ਲਾਈਂ', 'ਸਿਰਨਾਵਾਂ ਜਿੰਦੜੀ ਦਾ', 'ਉਹ ਪਲ', 'ਬਾਪੂ ਦੀਆਂ ਬਾਤਾਂ' ਆਦਿ ਕਵਿਤਾਵਾਂ ਇਸੇ ਪੱਖ ਦੀ ਨਿਸ਼ਾਨਦੇਹੀ ਕਰਦੀਆਂ ਹਨ—

• ਮਾਂ ਦਾ ਦਰਜਾ
ਰੱਬ ਦਾ ਦਰਜਾ
ਮਾਂ ਤਾਂ ਹੁੰਦੀ ਇਕ ਦਰਿਆ ਹੈ
ਦਰਿਆ ਮਮਤਾ ਭਰਿਆ ਹੈ
ਮਾਂ ਜੁਗ-ਜੁਗ ਜਿਉਂਦੀ ਰਹੇ
ਇਹੋ ਮੇਰੀਆਂ ਮੁਰਾਦਾਂ ਨੇ
ਸਦਾ ਰਹਿਣੀਆਂ ਮਨ ਅੰਦਰ
ਇਹ ਮੇਰੀ ਮਾਂ ਦੀਆਂ ਯਾਦਾਂ ਨੇ।

• ਕਿਸੇ ਭੈਣ ਦਾ ਦਿਲ ਜੋ ਟੁੱਬ ਜਾਂਦਾ ਹੋਵੇ
ਕੋਈ ਰੱਖੜੀ ਦੇ ਵਾਂਗੂੰ ਗੀਤ ਬਣੀ
ਮਾਂ, ਬੋਤ੍ਹ ਦੀ ਛਾਂ ਤੇ ਰੱਬ ਦੇ ਨਾਂ 'ਜਸ'
ਪੀਡੀ ਜੋ ਹੋਵੇ ਐਸੀ ਪ੍ਰੀਤ ਬਣੀ।

• ਮਾਣ ਵੱਡਿਆਂ ਦਾ ਕਰੀਂ ਤੂੰ ਸਿਰ ਝੁਕਾ ਕੇ

ਛੋਟਿਆਂ ਨੂੰ ਪਿਆਰ ਦੇਈਂ ਦੁਖੜਾ ਛੁਪਾ ਕੇ
ਸਿਖ਼ਰਾਂ ਛੂਹ ਕੇ ਧਰਤੀ ਨਾ ਭੁੱਲੀ ਵੀਰਨਾ ਵੇ
ਠੋਕਰਾਂ ਨੇ ਬਹੁਤ ਵੇਖੀਂ ਗਿਰ ਨਾ ਜਾਈਂ
ਦਿਲ 'ਚ ਫ਼ਿਕਰਾਂ ਤੇਰੀਆਂ ਲੈ ਕੇ ਹਾਂ ਬੈਠੀ
ਰਾਹ ਵੇਖੇ ਤੇਰੀ ਭੈਣ ਵੀਰਾ ਚਿਰ ਨਾ ਲਾਈਂ।

ਮਨੁੱਖ ਲਈ ਜ਼ਿੰਦਗੀ ਵਿੱਚ ਜਿੰਨੀਆਂ ਮਰਜ਼ੀ ਮੁਸ਼ਕਲਾਂ, ਸੰਕਟ ਭਰਪੂਰ ਮਸਲੇ ਆ ਜਾਣ ਪਰ ਜੇ ਉਹ ਬਿਹਤਰੀ ਅਤੇ ਹੁਸੀਨਤਾ ਲਈ ਸੰਘਰਸ਼ ਕਰਦਾ ਰਹੇਗਾ ਤਾਂ ਉਹੀ ਇੱਛਤ ਨਤੀਜੇ ਪ੍ਰਾਪਤ ਕਰ ਸਕਦਾ ਹੈ। ਆਮ ਕਰਕੇ ਸਾਡੀ ਧਾਰਨਾ ਹੈ ਕਿ ਜ਼ਿੰਦਗੀ ਸੰਘਰਸ਼ ਦਾ ਦੂਜਾ ਨਾਮ ਹੈ। ਜੇਕਰ ਇਹ ਸੱਚ ਹੈ ਤਾਂ ਮਨੁੱਖ ਦਾ ਸੰਘਰਸ਼ ਕਰਨਾ ਫ਼ਰਜ਼ ਹੈ। ਸਾਡੇ ਦੇਸ਼ ਵਿੱਚ ਅੱਜ ਆਮ ਬੰਦੇ ਦਾ ਪੁੱਤਰ ਜਾਂ ਧੀ ਪਹਿਲੀ ਗੱਲ ਮਹਿੰਗੀ ਵਿੱਦਿਆ ਪ੍ਰਾਪਤ ਨਹੀਂ ਕਰ ਸਕਦਾ ਪਰ ਜੇ ਕੋਈ ਪੜ੍ਹ ਵੀ ਜਾਵੇ ਤਾਂ ਉਸਨੂੰ ਬੇਰੁਜ਼ਗਾਰੀ ਦੀ ਜ਼ਿੱਲਤ ਸਹਿਣੀ ਪੈਂਦੀ ਹੈ। ਇਸ ਸਮੇਂ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ 9.2 ਫ਼ੀਸਦੀ ਹੈ। ਇਹੋ ਕਾਰਨ ਹੈ ਸਿੱਧੂ ਸਾਨੂੰ ਸੰਘਰਸ਼ ਲਈ ਸੁਨੇਹਾ ਦਿੰਦੀ ਹੈ। ਨਿਮਨ ਕਾਵਿਕ ਬੋਲ ਆਮ ਮਜ਼ਦੂਰ ਵਰਗ ਨਾਲ ਸੰਬੰਧਤ ਜ਼ਿੰਦਗੀ ਦੇ ਸੰਘਰਸ਼ ਲਈ ਤਿਆਰ ਖੜ੍ਹੇ ਇੱਕ ਬੱਚੇ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦੇ ਹਨ—

- ਮੈਂ ਜ਼ਿੰਦਗੀ ਦੇ
ਹਾਲਾਤਾਂ ਨਾਲ ਤਾਂ ਲੜਦਾ
ਇੱਕ ਆਮ ਇਨਸਾਨ ਵਾਂਗ
ਸੰਘਰਸ਼ ਤਾਂ ਕਰਦਾ
ਭਾਵੇਂ ਵੱਖਰੇ ਹੀ ਸਹੀ
ਸੁਪਨੇ ਤਾਂ ਮੈਂ ਵੀ ਸਿਰਜਦਾ
ਹੌਂਸਲਾ ਰੱਖ ਮੁਸ਼ਕਲਾਂ ਨਾਲ
ਦੋ-ਚਾਰ ਮੈਂ ਵੀ ਹੁੰਦਾ
ਮੈਂ ਵੀ ਸਵੇਰ ਦਾ ਆਗ਼ਾਜ਼ ਹਾਂ
ਮੈਂ ਵੀ ਪਿਉ ਦਾ ਸਹਾਰਾ ਹਾਂ
ਮੈਂ ਵੀ ਜ਼ਿੰਦਗੀ ਦੀ ਸਵੇਰ ਦਾ
ਪਹਿਲਾ ਪੰਨਾ ਹਾਂ......।

ਸਮਕਾਲੀ ਦੌਰ ਅਣਮਨੁੱਖੀ ਚਿਹਰੇ ਵਾਲੇ ਵਿਸ਼ਵੀਕਰਨ ਦਾ ਦੌਰ ਹੈ। ਹਰ ਪਾਸੇ ਆਪਾ-ਧਾਪੀ ਹੈ, ਬੇਗਾਨਾਪਨ ਭਾਰੂ ਹੈ। ਇੱਕ ਦੂਜੇ ਤੋਂ ਅੱਗੇ ਲੰਘਣ ਦੀ ਕਾਹਲ ਹੈ। ਇਸੇ ਕਾਹਲ ਸਦਕਾ ਨਵੀਂ ਅਤੇ ਪੁਰਾਣੀ ਪੀੜ੍ਹੀ ਦਾ ਫ਼ਾਸਲਾ ਵੱਧ ਰਿਹਾ ਹੈ, ਧਨ ਇਕੱਠਾ ਕਰਨ ਦੀ ਦੌੜ ਲੱਗੀ ਹੋਈ ਹੈ ਅਤੇ ਸਮਾਜਕ ਪ੍ਰਾਣੀ ਹੋਣ ਦੀ ਬਾਵਜੂਦ ਮਨੁੱਖ ਮੈਂ ਮੂਲਕਤਾ ਵਿੱਚ ਗੁਆਚਦਾ ਜਾ ਰਿਹਾ ਹੈ। ਹਰ ਕੌਮ ਤੇ

ਸਮਾਜ ਦੇ ਕੁੱਝ ਚੇਤੰਨਸ਼ੀਲ ਅਤੇ ਸੰਵੇਦਨਸ਼ੀਲ ਮਨੁੱਖ ਯਤਨ ਕਰਦੇ ਹਨ ਕਿ ਮਨੁੱਖ ਦੀ ਇਸ ਨਾਕਾਰਾਤਮਕ ਪ੍ਰਵਿਰਤੀ ਨੂੰ ਸਾਕਾਰਾਤਮਕ ਪਾਸੇ ਮੋੜਿਆ ਜਾਵੇ। ਅਜਿਹੇ ਹਲਾਤਾਂ ਵਿੱਚ ਸਿੱਧੂ ਦੀ ਕਲਮ ਵਕਤ ਰਹਿੰਦਿਆਂ ਹੀ ਸੰਭਲ ਜਾਣ ਦਾ ਇਸ਼ਾਰਾ ਕਰਦੀ ਹੈ—

- ਮੁਸਕਾਨ ਜੋਗੇ ਰਹਿ ਗਏ ਆ ਸਾਂਭ ਲਈਏ
  ਹੱਥੋਂ ਛੁੱਟ ਨਾ ਜਾਏ ਵੇਖੀਂ ਕੰਨੀ ਚਾਵਾਂ ਦੀ।
- ਆਪਣਿਆਂ ਨੇ ਦਿੱਤੇ ਜੋ ਵਕਤ ਸਿਰ ਤੈਨੂੰ
  ਖ਼ੁਸ਼ੀ ਦੇਣ ਜੋਗੇ ਸਾਂਭ ਲਈ ਸਾਹ ਆਪਣੇ।
- ਹੈ ਬੜਾ ਕੁਝ ਬਾਕੀ ਤੇਰਾ ਦੁਨੀਆਂ ਦੇ ਵਿੱਚ
  ਤੂੰ ਹਰ ਕਦਮ ਸੁਪਨੇ ਚਾਹ ਆਪਣੇ।

ਨਿਗੂਣੇ ਪਦਾਰਥਾਂ ਦੀ ਚਮਕ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸੀ ਨੌਜਵਾਨ ਪੀੜ੍ਹੀ ਨੂੰ ਹਲੂਣਾ ਦੇਣ ਸਮੇਤ ਚੰਗੀਆਂ ਭਵਿੱਖਤ ਸੰਭਾਵਨਾਵਾਂ ਦੀ ਕਾਮਨਾ ਵੀ ਕਰਦੀ ਹੈ, ਸਮੇਂ ਦੇ ਹਾਣ ਦੀ ਜਸਪ੍ਰੀਤ ਸਿੱਧੂ ਦੀ ਕਲਮ—

- ਪੁੱਤ ਭਟਕਦੇ ਫਿਰਦੇ ਨੇ ਭੁੱਲ ਭਲਾਵੇ ਵਿੱਚ
  ਕਦ ਪਰਤੂਗੀ ਰੱਬਾ! ਜ਼ਿੰਦਗੀ ਮਾਵਾਂ ਦੀ।
- ਐ ਵਿਸ਼ਵੀਕਰਨ ਦੇ
  ਉਪਭੋਗੀ ਮਨਮੁੱਖ
  ਇਨਸਾਨਾਂ ਦੇ ਨਾ ਸਹੀ
  ਪਰ ਕਦੇ-ਕਦੇ
  ਹੋ ਜਾਇਆ ਕਰ
  ਰੁੱਖਾਂ ਦੇ ਸਨਮੁੱਖ।
- ਮੋਢਿਆਂ ਤੇ ਜਿੰਦੜੀ ਇਹ ਢੋਣਗੀਆਂ ਕਦੋਂ ਤੱਕ
  ਸ਼ੀਸ਼ੇ ਵਿੱਚੋਂ ਆਪਣੀਆਂ ਤਸਵੀਰਾਂ ਤੋਂ ਪੁੱਛੋ।

ਮਨੁੱਖ ਨੂੰ ਇਸ ਕੜਵੀ ਵਾਸਤਵਿਕਤਾ ਨੂੰ ਸਮਝਣ ਦੀ ਜਰੂਰਤ ਹੈ ਪਰ ਅਜਿਹਾ ਉਹ ਆਪਣੀ ਜ਼ਿੰਦਗੀ ਦਾ ਮੁਲਾਂਕਣ ਅਤੇ ਅਧਿਐਨ ਕਰਕੇ ਹੀ ਸਮਝਣ ਦੇ ਸਮਰੱਥ ਹੋ ਸਕਦਾ ਹੈ। ਇਸ ਸਮਰੱਥਤਾ ਲਈ ਮੂਲ ਇਨਸਾਨੀ ਗੁਣ ਵੀ ਹੋਣੇ ਲਾਜ਼ਮੀ ਹਨ। ਇਨਸਾਨ ਵੱਡਾ ਤਾਂ ਹੈ ਜੇਕਰ ਉਸ ਵਿੱਚ ਇਨਸਾਨੀਅਤ ਹੈ। ਜਿਸ ਇਨਸਾਨ ਦੀ ਜ਼ਮੀਰ ਹੀ ਮਰ ਗਈ ਉਹ ਜਿਉਂਦਾ ਹੀ ਮਰਿਆ ਵਰਗਾ ਹੈ। ਇਸੇ ਕਾਰਨ ਬੰਦਾ ਸਿੰਘ ਬਹਾਦਰ ਅਤੇ ਕਰਤਾਰ ਸਿੰਘ ਸਰਾਭੇ ਵਰਗੀਆਂ ਇਤਿਹਾਸ ਸਿਰਜਦੀਆਂ ਮਹਾਨ ਸ਼ਖ਼ਸ਼ੀਅਤਾਂ ਦੀ ਨੇਕ ਸੋਚ ਵਰਗਾ ਸਮਾਜ ਸਿਰਜਣ ਦੀ ਚਾਹਵਾਨ ਜਸਪ੍ਰੀਤ ਵਸਤਾਂ ਦੀ ਚਕਾਚੌਂਧ ਦੇ ਸਰਾਪੇ ਅਜੋਕੇ ਸਮਾਜ ਦੇ ਮਨੁੱਖਤਾ ਤੇ ਨੇਕੀ ਤੋਂ ਵਿਹੂਣੇ ਇਨਸਾਨਾਂ ਤੇ ਉਹਨਾਂ ਦੇ ਕਾਰਨਾਮਿਆਂ ਨੂੰ ਚਿਤਰਦੀ ਹੈ—

- ਉਹਨੂੰ ਸੰਘਰਸ਼ ਨਾਲ ਪਿਆਰ ਸੀ

ਮਾਵਾਂ ਭੈਣਾਂ ਦਾ ਵੀ ਖ਼ਿਆਲ ਸੀ
ਉਹ ਨਿਆਂ ਦੀ ਆਸ ਸੀ
ਇਕ ਸੁਨਹਿਰੀ ਇਤਿਹਾਸ ਸੀ
ਪਰ ਅੱਜ
ਸਾਨੂੰ ਸਾਡੀ ਮਨੁੱਖਤਾ ਦਾ
ਕਿੰਨਾ ਕੁ ਅਹਿਸਾਸ ਹੈ
ਨਾ ਗੁਰੂ ਦਾ ਨਾ ਸੱਚ ਦਾ
ਬੰਦਾ ਆਪੇ ਦਾ ਮੁਥਾਜ਼ ਹੈ।

• ਸੋਚ ਉੱਥੇ ਨਾ ਪਹੁੰਚੀ
ਜਿੱਥੇ ਜ਼ਿਕਰ ਏ ਕਿਤਾਬ ਤੇਰਾ
ਆਹ ਵੇਖ ਲੈ ਸਰਾਭਿਆ
ਟੁੱਟ ਗਿਆ ਖ਼ਾਬ ਤੇਰਾ।

ਸਿੱਧੂ ਦੀ ਕਵਿਤਾ ਵਿੱਚ ਜ਼ਿੰਦਗੀ ਦੇ ਵਿਭਿੰਨ ਪਹਿਲੂ ਚਿਤਰੇ ਮਿਲਦੇ ਹਨ। ਇਹ ਕਵਿਤਾ ਜ਼ਿੰਦਗੀ ਨੂੰ ਪਰਿਭਾਸ਼ਤ ਕਰਦੀ ਹੈ ਅਤੇ ਜ਼ਿੰਦਗੀ ਦੇ ਅਰਥ ਵੀ ਸੰਚਾਰਤ ਕਰਦੀ ਹੈ। ਇਸ ਕਵਿਤਾ ਵਿੱਚ ਚੇਤਨਾ ਵੀ ਹੈ, ਸੰਕੇਤ ਵੀ ਹੈ। ਸਿੱਧੂ ਗਤੀਸ਼ੀਲ ਜ਼ਿੰਦਗੀ ਨੂੰ ਹੀ ਮਾਨਤਾ ਦਿੰਦੀ ਹੈ—

• ਡਿੱਗ ਕੇ ਉਠ ਤੁਰਨਾ, ਫਿਰ ਡਿੱਗਣਾ
ਅੱਗੇ ਵਧਣ ਦਾ ਨਾਮ ਹੈ ਜ਼ਿੰਦਗੀ।
ਗੁਆ ਕੇ ਸਭ ਕੁਝ ਆਪਣੇ ਪੱਲਿਓਂ
ਖਿੜ ਕੇ ਹੱਸਣ ਦਾ ਨਾਮ ਹੈ ਜ਼ਿੰਦਗੀ।
ਆਪਣੇ ਤਾਂ ਹੁੰਦੇ ਰਹਿਣਗੇ ਫਿਰ ਕਦੇ
ਕੰਮ ਹੋਰਾਂ ਦੇ ਆਉਣ ਦਾ ਨਾਮ ਹੈ ਜ਼ਿੰਦਗੀ।
ਕੱਢ ਦਿਲਾਂ ’ਚੋਂ ਕੜਵਾਹਟ ਓ ਸੱਜਣਾ
ਪਿਆਰ ਵੰਡਾਉਣ ਦਾ ਨਾਮ ਹੈ ਜ਼ਿੰਦਗੀ।

ਸਿੱਧੂ ਦੀ ਇੱਕ ਹੋਰ ਗ਼ਜ਼ਲਨੁਮਾ ਸੰਬੋਧਨੀ ਸੁਰ ਵਿੱਚ ਰਚੀ ਕਵਿਤਾ ‘ਰੌਸ਼ਨੀ ਦੀ ਆਇਤ’ ਵੀ ਤਵੱਜੋਂ ਦੀ ਮੰਗ ਕਰਦੀ ਹੈ। ਜਿਸ ਵਿੱਚ ਸਧਾਰਨ ਅਤੇ ਸਪੱਸ਼ਟ ਸ਼ਬਦਾਂ ਵਿੱਚ ਵੱਡੀ ਗੱਲ ਕਹੀ ਗਈ ਹੈ—

• ਨੇਕੀ ਨੂੰ ਬਣਾ ਲੈ ਜ਼ਿੰਦਗੀ
ਨਾ ਬਦੀ ਨਾਲ ਇਕਰਾਰ ਕਰ।
ਇਸ ਰੌਸ਼ਨੀ ਦੀ ਆਇਤ ਨੂੰ
ਹਰ ਸਵੇਰ ਨਮਸਕਾਰ ਕਰ।
.....................
ਕਰ ਮਿਹਨਤ ਹੱਕ ਹਲਾਲ ਦੀ

ਹੱਕ ਪਰਾਏ ਤੋਂ ਇਨਕਾਰ ਕਰ।
ਇਹ ਦੁਨੀਆਂ ਛੱਡ ਕੇ ਤੁਰ ਜਾਣਾ
ਤੂੰ ਬਹੁਤਾ ਨਾ ਹੰਕਾਰ ਕਰ।

ਸਮਾਜ ਹਮੇਸ਼ਾ ਆਪਣੇ ਪੂਰਵਲੇ ਸਮਾਜਾਂ ਤੋਂ ਆਧੁਨਿਕ ਹੁੰਦਾ ਹੈ। ਆਧੁਨਿਕਤਾ ਕੋਈ ਮਾੜੀ ਚੀਜ਼ ਨਹੀਂ ਹੁੰਦੀ। ਪਰੰਤੂ ਆਧੁਨਿਕਤਾ ਦੇ ਨਾਂ ਤੇ ਕੁਦਰਤ, ਧਰਤੀ ਅਤੇ ਜ਼ਿੰਦਗੀ ਨੂੰ ਬਰਬਾਦ ਕਰਨ ਨੂੰ ਉਚਿੱਤ ਨਹੀਂ ਠਹਿਰਾਇਆ ਜਾ ਸਕਦਾ। ਤਰੱਕੀ ਉਹ ਹੀ ਚੰਗੀ ਹੁੰਦੀ ਹੈ ਜੋ ਧਰਤੀ ਅਤੇ ਮਨੁੱਖ ਦਾ ਕੁੱਝ ਸੰਵਾਰੇ। ਸਿੱਧੂ ਦੀ ਕਵਿਤਾ 'ਜ਼ਮਾਨਾ' ਅਜਿਹੇ ਹੀ ਸੱਚ ਦੀ ਅਭਿਵਿਅਕਤੀ ਹੈ। ਜ਼ਮਾਨਾ ਬਦਲਿਆ ਹੈ, ਤਰੱਕੀ ਹੋਈ ਹੈ, ਆਧੁਨਿਕਤਾ ਆਈ ਹੈ ਪਰ ਇਸੇ ਜ਼ਮਾਨੇ ਦੇ ਨਵੇਂ ਪੈਮਾਨਿਆਂ ਵਿੱਚ ਮਨੁੱਖ ਦਾ ਸ਼ੋਸ਼ਣ ਵੀ ਹੋ ਰਿਹਾ ਹੈ। ਕੁਦਰਤ ਦਾ ਬੇਕਿਰਕੀ ਨਾਲ ਨਾਸ਼ ਕੀਤਾ ਜਾ ਰਿਹਾ ਹੈ। ਵਾੜ ਖੇਤ ਨੂੰ ਖਾ ਰਹੀ ਹੈ। ਆਮ ਬੰਦੇ ਦੇ ਮੂੰਹ 'ਚੋਂ ਬੁਰਕੀ ਖੋਹੀ ਜਾ ਰਹੀ ਹੈ। ਨਸ਼ਿਆਂ ਦੇ ਪ੍ਰਕੋਪ ਨਾਲ ਦੇਸ਼ ਦੀ ਜਵਾਨੀ ਤਬਾਹ ਕੀਤੀ ਜਾ ਰਹੀ ਹੈ। ਸਾਡੀ ਰਾਜਨੀਤੀ ਭ੍ਰਿਸ਼ਟ ਹੋ ਚੁੱਕੀ ਹੈ। ਨੇਤਾ ਦੋਗਲੇ ਵਿਵਹਾਰ ਦੇ ਧਾਰਨੀ ਬਣ ਚੁੱਕੇ ਹਨ। ਇਹ ਲੋਕ ਅਮਲ ਵਿਹੂਣੇ ਹਨ। ਇਹਨਾਂ ਲਈ ਪੈਸਾ ਅਤੇ ਕੁਰਸੀ ਪ੍ਰਮੁੱਖ ਹੈ। ਇਹ ਲੋਕਾਂ ਨੂੰ ਲਾਰਿਆਂ ਅਤੇ ਵਾਅਦਿਆਂ ਨਾਲ ਗੁੰਮਰਾਹ ਕਰਦੇ ਹਨ। ਅੰਨਦਾਤੇ ਦੀ ਹਾਲਤ ਬਦ ਤੋਂ ਬਦਤਰ ਕਰ ਦਿੱਤੀ ਗਈ ਹੈ। ਸਾਡੇ ਪਿੰਡ ਦੀ ਉਪਭੋਗਤਾਵਾਦੀ ਸੋਚ ਦੇ ਲਖਾਇਕ ਬਣਦੇ ਜਾ ਰਹੇ ਹਨ। ਲੋਕ ਖ਼ੁਦਗਰਜ਼, ਲੋਭੀ, ਪਖੰਡੀ ਤੇ ਦੰਭੀ ਬਣ ਗਏ ਹਨ। ਸਭਿਆਚਾਰਕ ਮੁੱਲ ਪ੍ਰਤੀਮਾਨਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ। ਆਮ ਵਿਅਕਤੀ ਨੂੰ ਕਿਧਰੋਂ ਵੀ ਇਨਸਾਫ਼ ਨਹੀਂ ਮਿਲਦਾ। ਅਮੀਰ-ਗਰੀਬ ਵਿੱਚ ਦਿਨੋਂ ਦਿਨ ਪਾੜਾ ਵੱਧ ਰਿਹਾ ਹੈ। ਜੇਕਰ ਕੋਈ ਵਿਅਕਤੀ ਖੁਸ਼ ਹੈ, ਸੁਖੀ ਹੈ ਤਾਂ ਦੂਜੇ ਨੂੰ ਉਸ ਮਨੁੱਖ ਦੀ ਖੁਸ਼ੀ ਅਤੇ ਸੁੱਖ ਬਰਦਾਸ਼ਤ ਨਹੀਂ ਹੁੰਦੇ। ਰੁੱਖ ਕੱਟੇ ਜਾ ਰਹੇ ਹਨ। ਜੀਵ-ਜੰਤੂਆਂ, ਪਸ਼ੂ-ਪੰਛੀਆਂ ਦਾ ਘਾਣ ਕੀਤਾ ਜਾ ਰਿਹਾ ਹੈ। ਕੁਦਰਤ ਦੇ ਇਹਨਾਂ ਅੰਗਾਂ ਨੂੰ ਜੇਕਰ ਅਸੀਂ ਬਰਬਾਦ ਕਰਾਂਗੇ ਤਾਂ ਮਨੁੱਖ ਵੀ ਸੁਰੱਖਿਅਤ ਨਹੀਂ ਰਹਿ ਸਕੇਗਾ। ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪਿੰਡਾਂ ਅਤੇ ਸ਼ਹਿਰਾਂ ਦੀ ਹਵਾ ਬਦਲ ਚੁੱਕੀ ਹੈ। ਇਹ ਹਵਾ ਬਰਬਾਦੀ ਦਾ ਚਿਹਨਕ ਹੈ। ਵਪਾਰੀਆਂ ਦੀ ਸਰਵਉੱਚਤਾ ਵੱਧਦੀ ਜਾ ਰਹੀ ਹੈ। ਵਪਾਰੀਆਂ ਲਈ ਵਪਾਰ ਅਤੇ ਪੈਸਾ ਪ੍ਰਮੁੱਖ ਹੁੰਦਾ ਹੈ। ਉਹਨਾਂ ਦੇ ਲਈ ਇਨਸਾਨੀਅਤ ਦੇ ਕੋਈ ਅਰਥ ਨਹੀਂ ਹੁੰਦੇ। ਅਜੋਕੀ ਜੀਵਨ ਸ਼ੈਲੀ ਦੇ ਵਿਭਿੰਨ ਪਰਿਪੇਖਾਂ ਨੂੰ ਦਰਸਾਉਂਦੇ ਅਜਿਹੇ ਵਿਚਾਰ ਸਿੱਧੂ ਦੀਆਂ ਸਭ ਕਵਿਤਾਵਾਂ ਦੇ ਆਰ-ਪਾਰ ਫੈਲੇ ਹੋਏ ਹਨ—

- ਕੁਦਰਤ ਦੇ ਨਾਲ ਤੂੰ, ਪਾ ਲੈ ਸਾਂਝ ਦਿਲਾ
  ਆਵੇ ਮੌਤ ਬਰੂਹਾਂ ਤੇ ਤਾਂ ਵੀ ਸਤਿਕਾਰ ਕਰ।
  ਤੜਫ਼ ਰੱਖ ਲੈ ਦੋਸਤਾਂ ਦਿਲ 'ਚ ਭਾਵੇਂ
  ਲਿਸ਼ਕਦੇ ਹੰਝੂਆਂ ਤੋਂ ਸੁਪਨੇ ਤਿਆਰ ਕਰ।

ਨਾਰੀਵਾਦੀ ਸਰੋਕਾਰਾਂ ਦੀ ਗੱਲ ਕਰੀਏ ਤਾਂ ਸਮਕਾਲੀ ਪੰਜਾਬੀ ਕਵਿਤਾ ਵਿੱਚ ਇਸ ਸੰਬੰਧੀ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਔਰਤ ਦੀ ਦਸ਼ਾ, ਸੁਰੱਖਿਆ, ਮਹੱਤਵ ਅਤੇ ਹਰ ਖੇਤਰ ਦੀ ਭੂਮਿਕਾ ਨੂੰ ਸੁਚੱਜੇ ਢੰਗ ਨਾਲ ਪ੍ਰਗਟਾਉਣ ਸਮੇਤ ਜਸ਼ਨ ਤੇ ਦੇਹ ਦੇ ਕਾਵਿ-ਪ੍ਰਵਚਨਾਂ ਅਧੀਨ ਅਢੁੱਕਵਾਂਪਣ ਵੀ ਵੇਖਣ ਨੂੰ ਮਿਲਦਾ ਹੈ। ਪਰ ਇੱਥੇ ਜਸਪ੍ਰੀਤ ਦੀ ਕਵਿਤਾ 'ਦਖ਼ਲ' ਢੁੱਕਵੇਂ ਰੂਪ ਵਿੱਚ ਕਈ ਨਿਸ਼ਾਨਿਆਂ ਦੀ ਪੂਰਤੀ ਕਰਦੀ ਹੋਈ ਆਪਣੇ ਮੰਤਵ ਤੱਕ ਪਹੁੰਚਦੀ ਹੈ। ਇਹੋ ਇਸ ਕਵਿਤਾ ਦੀ ਸ਼ਕਤੀ ਹੈ—

- ਮੇਰਾ ਦਖ਼ਲ, ਜ਼ਿੰਦਗੀ ਬਣਦਾ ਏ ਤੇਰੀ
  ਤੇਰਾ ਦਖ਼ਲ, ਤਬਾਹੀ ਬਣਦਾ ਏ ਮੇਰੀ
  ਆਖ਼ਰ ਕਦੋਂ ਤੱਕ
  ਮੇਰੀ ਤਬਾਹੀ ਦੇ ਓਹਲੇ
  ਕਰਦਾ ਰਹੇਂਗਾ ਤਬਾਹ
  ਆਪਣੇ ਆਪ ਨੂੰ
  ਯਾਦ ਰੱਖ
  ਤੇਰੀ ਇਹ ਜਰੂਰਤ ਨਹੀਂ
  ਮੂਰਖ਼ਤਾ ਏ
  ਕਦੇ ਮੂਲੋਂ ਨਹੀਂ ਟੁੱਟ ਜਾਈਦਾ
  ਆਧੁਨਿਕ ਮਨੁੱਖ ਬਣ
  ਸਵੈ ਕੇਂਦਰਿਤ ਹੋ
  ਆਪਣੇ ਆਦਿ ਨੂੰ ਅੰਤ ਨੂੰ
  ਨਹੀਂ ਭੁੱਲ ਜਾਈਦਾ
  ਫ਼ਿਟਕਾਰੇ ਨਾ ਤੈਨੂੰ ਤੇਰੀ ਨਸਲ
  ਬਿਨ ਕੁਦਰਤ ਨਹੀਂ ਹੋਣਾ
  ਤੇਰਾ ਕੋਈ ਅਸਲ
  ਬਿਨ ਔਰਤ ਨਹੀਂ ਹੋਣਾ
  ਤੇਰਾ ਕੋਈ ਅਸਲ।

ਜਸਪ੍ਰੀਤ ਸਮਕਾਲੀ ਮਨੁੱਖ ਨੂੰ ਧਰਮ ਦੇ ਨਾਂ 'ਤੇ ਭ੍ਰਿਸ਼ਟ ਰਾਜਨੀਤੀ ਤੋਂ, ਖੋਖਲੇ ਵਿਸਵਾਸ਼ਾਂ ਤੋਂ ਅਤੇ ਸਮਾਜ ਵਿੱਚ ਅਸ਼ਾਂਤੀ ਫੈਲਾਉਣ ਵਾਲੇ ਤਮਾਮ ਭੇਦ-ਭਾਵਾਂ ਤੋਂ ਮੁਕਤ ਰਹਿਣ ਦਾ ਕ੍ਰਾਂਤੀਕਾਰੀ ਸੁਨੇਹਾ ਦਿੰਦੀ ਹੈ। ਨਿਮਨ ਕਾਵਿਕ ਪੰਕਤੀਆਂ ਉਸਦੀ ਕਵਿਤਾ ਦਾ ਮੋਟਿਫ਼ ਅਤੇ ਪ੍ਰਯੋਜਨ ਹਨ—

- ਧਰਮ ਦੀ ਸ਼ਮਸ਼ੀਰ
  ਮਨੁੱਖਤਾ ਦੇ ਭਲੇ ਲਈ ਉੱਠਦੀ ਏ
  ਮਨੁੱਖਤਾ ਦੇ ਘਾਣ ਲਈ ਨਹੀਂ

ਬੇਆਸਰਿਆਂ ਦੇ ਆਸਰੇ ਲਈ ਉੱਠਦੀ ਏ
ਮਨਮੁੱਖਾਂ ਦੇ ਮਾਣ ਲਈ ਨਹੀਂ।

ı ਕਿਸੇ ਧਰਮ ਦੀ ਮਰਿਯਾਦਾ ਕਦੇ ਦੀਵਾਰ ਨਹੀਂ ਬਣਦੀ
ਸੱਚੀ ਬਾਣੀ ਨਾਲ ਜੁੜ ਕੇ ਗੁਰੂਆਂ ਪੀਰਾਂ ਤੋਂ ਪੁੱਛੋ।

ı ਕਦੇ ਤਾਂ ਕਰਨਗੇ
ਵਸਤਾਂ ਤੋਂ ਮੂੰਹ ਮੋੜ
ਇਹ ਸੱਚ ਦੇ ਸੌਦੇ
ਕਦੇ ਤਾਂ ਸੁਣਨਗੇ
ਸ਼ੋਰ-ਸ਼ਰਾਬੇ ਤੋਂ ਹਾਰ
ਤੱਤੀ ਤਵੀ ਦੇ ਸੁਖ਼ਨ
ਕਦੇ ਤਾਂ ਚੁਣਨਗੇ
ਸਰਬੰਸਦਾਨੀ ਦੀ ਨਜ਼ਰ ਤੋਂ
ਮਨੁੱਖਤਾ ਨੂੰ
ਧਰਮ ਨੂੰ
ਸਦੀਆਂ ਦੀ ਸਾਂਝ ਨੂੰ

ਇਸ ਤਰ੍ਹਾਂ ਸਿੱਧੂ ਦੇ ਵਿਚਾਰ ਅਪਨਾਉਣਯੋਗ ਹਨ। ਸਮੇਂ ਦੇ ਸਰੋਕਾਰਾਂ ਅਤੇ ਨਿੱਜ ਤੋਂ ਪਰ ਵੱਲ ਸਫ਼ਰ ਤਹਿ ਕਰਦੇ ਭਾਵਾਂ ਨੂੰ ਸਮੇਟਦੀ ਹੋਈ ਸਿੱਧੂ ਦੀ ਕਲਮ ਮਾਨਾਂ-ਸਨਮਾਨਾਂ ਦੀ ਅੰਨੀ ਦੌੜ ਤੋਂ ਪਰੇ ਸਾਰਥਕਤਾ ਭਰਪੂਰ ਕਵਿਤਾਵਾਂ ਦੀ ਸਿਰਜਕ ਹੈ।

**—ਸੁਰਜੀਤ ਬਰਾੜ** (ਡਾ.)
ਮੋ: 98553-71313

# ਸਮਕਾਲੀ ਸਰੋਕਾਰਾਂ ਦੇ ਅੰਗ-ਸੰਗ "ਫ਼ਕੀਰਾਂ ਦੇ ਵਾਰਿਸ"

ਜਸਪ੍ਰੀਤ ਸਿੱਧੂ ਆਪਣਾ ਤੀਜਾ ਕਾਵਿ-ਸੰਗ੍ਰਹਿ 'ਫ਼ਕੀਰਾਂ ਦੇ ਵਾਰਿਸ' ਲੈ ਮਾਂ-ਬੋਲੀ ਦੀ ਦਹਿਲੀਜ਼ ਤੇ ਆ ਹਾਜ਼ਿਰ ਹੋਈ ਹੈ। ਇਸ ਤੋਂ ਪਹਿਲਾਂ ਉਹ ਦੋ ਕਾਵਿ-ਸੰਗ੍ਰਹਿ 'ਸ਼ਬਦਾਂ ਦੀ ਦਹਿਲੀਜ਼' ਤੇ 'ਤਮੰਨਾ' ਮਾਂ-ਬੋਲੀ ਦੀ ਚੰਗੇਰ 'ਚ ਰੱਖ ਚੁੱਕੀ ਹੈ। ਉਸ ਦਾ ਤੀਜਾ ਕਾਵਿ-ਸੰਗ੍ਰਹਿ 'ਫ਼ਕੀਰਾਂ ਦੇ ਵਾਰਿਸ' ਉਸ ਦੀ ਸੂਝ-ਬੂਝ ਤੇ ਚੇਤਨਾ ਵਿੱਚ ਆਏ ਵਿਕਾਸ ਦਾ ਲਿਖਾਇਕ ਹੈ। ਉਸ ਦੀ ਕਾਵਿ-ਰਚਨਾ ਅਤੇ ਸ਼ਬਦਾਵਲੀ ਵਿੱਚ ਵੀ ਨਿਖਾਰ ਆਇਆ ਹੈ। ਜਸਪ੍ਰੀਤ ਸਿੱਧੂ ਦੇ ਬੋਧ-ਜਗਤ ਨੇ ਜ਼ਿੰਦਗੀ ਦੇ ਸਾਰੇ ਸਰੋਕਾਰਾਂ ਅਤੇ ਪਸਾਰਾਂ ਨੂੰ ਵੀ ਛੂਹਣ ਦਾ ਯਤਨ ਕੀਤਾ ਹੈ। ਉਸ ਦੀਆਂ ਕਵਿਤਾਵਾਂ ਦੇ ਸਿਰਲੇਖ, ਇਸ ਦੀ ਗਵਾਹੀ ਭਰਦੇ ਹਨ।

ਛੋਟੀ ਉਮਰ ਵਿੱਚ ਹੀ ਜ਼ਿੰਦਗੀ ਦੇ ਭੇਦਾਂ ਦਾ ਅਨੁਭਵ ਹੋਣਾ ਅਤੇ ਜੀਵਨ ਨੂੰ ਗਹਿਰਾਈ 'ਚ ਜਾ ਕੇ ਮਾਪਣਾ-ਤੋਲਣਾ, ਉਸ ਦਾ ਜੀਵਨ ਘੋਖ-ਪੜਤਾਲ ਕਰਨ ਦੀ ਰੁਚੀ ਨੂੰ ਵੀ ਦਰਸਾਉਂਦਾ ਹੈ। ਜਸਪ੍ਰੀਤ ਸੰਵੇਦਨਸ਼ੀਲ ਅਤੇ ਅੰਤਰਮੁਖੀ ਹੋਣ ਦੇ ਨਾਲ-ਨਾਲ ਬਾਹਰਮੁਖੀ ਪ੍ਰਸਥਿਤੀਆਂ ਨੂੰ ਸਮਝਣ ਦੇ ਵੀ ਸਮਰੱਥ ਹੈ।

ਕਵਿਤਾ ਕੋਈ ਸ਼ਬਦਾਂ ਦੀ ਖੇਡ ਜਾਂ ਵਿਚਾਰਾਂ ਦਾ ਜਾਲ ਨਹੀਂ ਹੁੰਦੀ। ਕਵਿਤਾ ਵਿੱਚ ਮਿਠਾਸ, ਤਪ ਅਤੇ ਪ੍ਰਤਾਪ ਵੀ ਹੁੰਦਾ ਹੈ। ਇਹ ਜੀਵਨ ਵਿੱਚ ਜਿੱਥੇ ਸਿਫ਼ਤਾਂ ਦੇ ਸ਼ਗੂਫ਼ੇ ਫੁਟਾਉਂਦੇ ਹਨ, ਉੱਥੇ ਖੱਟੀਆਂ-ਮਿੱਠੀਆਂ ਯਾਦਾਂ ਦੇ ਫ਼ਲਾਂ ਨਾਲ ਜ਼ਿੰਦਗੀ ਨੂੰ ਸੰਪੂਰਨਤਾ ਵੀ ਬਖਸ਼ਦੇ ਹਨ। ਜਿਉਂ-ਜਿਉਂ ਮੈਂ ਜਸਪ੍ਰੀਤ ਦੀਆਂ ਕਾਵਿ-ਰਚਨਾਵਾਂ ਨੂੰ ਪੜ੍ਹਿਆ ਤੇ ਵਾਚਿਆ ਤਾਂ ਮੇਰੀ ਉਪਰੋਕਤ ਧਾਰਨਾ ਹੋਰ ਪਕੇਰੀ ਹੋਈ ਹੈ।

ਇੱਕ ਸੁਹਿਰਦ ਪੰਜਾਬੀ ਵਾਂਗ ਜਸਪ੍ਰੀਤ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਮੋਹ ਹੈ। ਇਸੇ ਲਈ ਉਹ ਅਤੀਤ ਤੋਂ ਲੈ ਕੇ ਵਰਤਮਾਨ ਤੱਕ ਪੰਜਾਬ ਦੇ ਜ਼ਖ਼ਮਾਂ ਦੀ ਗੱਲ ਕਰਦੀ ਹੋਈ, ਪੰਜਾਬ ਦੇ ਸੂਹੇ ਪਿੰਡੇ 'ਤੇ ਭਵਿੱਖ 'ਚ ਆਉਣ ਵਾਲੇ ਜ਼ਖ਼ਮਾਂ ਪ੍ਰਤੀ ਆਪਣਾ ਖਦਸ਼ਾ ਜ਼ਾਹਿਰ ਕਰਦੀ ਹੈ—

ਸੀ ਜ਼ਰ ਲਿਆ ਜਿਸ ਮੁਲਕ ਨੇ
ਹਰ ਜ਼ਖ਼ਮ ਹੱਸ ਕੇ ਵਕਤ ਦਾ
ਨਵੇਂ ਜ਼ਖ਼ਮਾਂ ਲਈ ਤਿਆਰ ਖੜੇ ਨੂੰ
ਫਿਰ ਵਕਤ ਸਵਾਲ ਕਰਦਾ........।

"ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਅਖਾਣ ਵਰਗੀ ਸੋਚ ਲੈ ਕੇ ਗੁਰੂਆਂ, ਪੀਰਾਂ-ਫ਼ਕੀਰਾਂ ਦੇ ਵਾਰਸਾਂ ਦਾ ਸੱਚ ਕਲਮ ਰਾਹੀਂ ਇੱਕ ਨਵੇਂ ਅੰਦਾਜ਼ ਵਿੱਚ ਉਲੀਕਦੀ ਜਸਪ੍ਰੀਤ ਦੀ ਇਹ ਕਵਿਤਾ ਖ਼ੂਬ ਹੈ, ਜੋ ਕਈ ਸਮਾਜਕ ਸਰੋਕਾਰਾਂ ਨੂੰ ਸਮੇਟਦੀ ਹੋਈ ਉਸਦੀ ਚੇਤੰਨਤਾ ਦੇ ਪੱਧਰ 'ਤੇ ਵੀ ਸਾਡੀ ਝਾਤ ਪੁਆਉਂਦੀ ਹੈ—

ਕਦੇ ਤਾਂ ਪਛਾਨਣਗੇ
ਸ਼ਹੀਦਾਂ ਦੇ ਅਕਸ 'ਚੋਂ
ਇਨਕਲਾਬ ਤੇ ਅਜ਼ਾਦੀ ਦੇ
ਅਮਲੀ ਸ਼ਖ਼ਸ ਨੂੰ
ਕਦੇ ਤਾਂ ਸੋਚਣਗੇ
ਪੰਜਾਂ ਪਾਣੀਆਂ ਤੇ ਖਿੱਚੀ
ਲਕੀਰ ਦੇ ਮੁੱਲ ਬਾਰੇ
ਚੁਰਾਸੀ ਦੇ ਦਰਦ ਤੇ
ਆਪਣੀ ਹਰ ਭੁੱਲ ਬਾਰੇ
ਕਦੇ ਤਾਂ ਪਾਉਣਗੇ
ਗੁਲਾਮ ਮਾਨਸਿਕਤਾ ਦੀ
ਤੋੜ ਕੇ ਜ਼ੰਜ਼ੀਰ
ਤੇਰੇ ਪਿਆਰ 'ਚ ਪਰੋਈ
ਪੈਂਤੀ ਅੱਖਰਾਂ ਦੀ ਗਾਨੀ
ਕਦੇ ਤਾਂ ਪਰਤਣਗੇ
ਸਵੇਰ ਦੇ ਭੁੱਲੇ
ਸ਼ਾਮ ਤੱਕ ਘਰਾਂ ਨੂੰ
ਮਾਖ਼ਿਉਂ ਮਿੱਠੀ ਬੋਲੀ ਤੇ
ਫ਼ਕੀਰਾਂ ਦੇ ਵਾਰਿਸ.....।

ਨਿੱਜ ਪ੍ਰਧਾਨਤਾ ਦੇ ਜ਼ਮਾਨੇ ਵਿੱਚ ਰਿਸ਼ਤਿਆਂ ਦਾ ਵਿਗੋਚਾ ਜਿੱਥੇ ਜਸਪ੍ਰੀਤ ਨੂੰ ਅਤਿਅੰਤ ਗ਼ਮ ਦਿੰਦਾ ਹੈ, ਉੱਥੇ ਇਸੇ ਗ਼ਮ ਵਿੱਚੋਂ ਹੀ ਉਸਨੂੰ ਜ਼ਿੰਦਗੀ ਦਾ ਅੰਮ੍ਰਿਤ, ਮੁਕਤੀ ਦਾ ਰਾਹ ਤੇ ਰੱਬ ਦਾ ਮਿੱਠਾ ਭਾਣਾ ਵੀ ਲੱਭ ਜਾਂਦਾ ਹੈ—

ਹੰਝੂਆਂ ਦੀ ਬਲਟੋਹੀ ਵਿੱਚੋਂ
ਭਰ ਦੇ ਮੈਨੂੰ ਡੋਲ
ਢਿੱਡ ਮੇਰੇ ਨੂੰ ਗ਼ਮ ਦਾ ਟੁੱਕਰ
ਬਸ ਏਨਾ ਕੁਝ ਹੀ ਕੋਲ
ਕੋਈ ਨਾ ਜਾਣੇ ਮੈਨੂੰ
ਤੇ ਮੈਂ ਆਪਣਾ ਪੰਧ ਸਿਆਣਾ
ਦੇ ਦੇ ਕੋਈ ਟਿਕਾਣਾ
ਤਿੜਕੇ ਸੁਪਨੇ ਝੋਲੀ ਪਾ ਦੇ
ਨਾਲੇ ਮਿੱਠਾ ਭਾਣਾ
ਦੇ ਦੇ ਕੋਈ ਟਿਕਾਣਾ।

ਜਿੱਥੇ ਜਸਪ੍ਰੀਤ ਆਪਣੀਆਂ ਕਵਿਤਾਵਾਂ ਰਾਹੀਂ ਪਦਾਰਥਵਾਦੀ ਤੇ

ਸਵਾਰਥਵਾਦੀ ਸੋਚ ਰੱਖਣ ਵਾਲੀ ਔਲਾਦ ਨੂੰ ਸੁਨੇਹਾ ਦੇ ਕੇ ਮਾਂ-ਬਾਪ ਦੀ ਮਹੱਤਤਾ ਯਾਦ ਕਰਾਉਂਦੀ ਹੈ, ਉੱਥੇ ਮਾਂ ਦੇ ਨਾਲ-ਨਾਲ ਬਾਪੂ ਨੂੰ ਵੀ ਰੱਬ ਦਾ ਦਰਜਾ ਦਿੰਦੀ ਹੈ—

ਧੀ ਪੁੱਤਰਾਂ ਲਈ ਛੱਤ ਹੁੰਦੇ ਨੇ
ਘਰ ਦੀ ਸਿਆਣੀ ਸੱਥ ਹੁੰਦੇ ਨੇ
ਬਾਪੂ ਵੀ ਤਾਂ ਰੱਬ ਹੁੰਦੇ ਨੇ.....।

ਕਵਿੱਤਰੀ ਸਮਕਾਲ ਵਿੱਚ ਵਿਚਰਦੀ ਲੁਕਾਈ ਤੇ ਨਵੀਂ ਪੀੜ੍ਹੀ ਨੂੰ ਚੇਤੰਨ ਕਰਦੀ ਹੋਈ ਕਹਿੰਦੀ ਹੈ ਕਿ ਉਹ ਨਸ਼ਿਆਂ ਦੀ ਦਲਦਲ ਵਿੱਚ ਨਾ ਖੁੱਭੇ ਰਹਿਣ ਅਤੇ ਆਗੂਆਂ ਦੇ ਲੱਛੇਦਾਰ ਭਾਸ਼ਣਾਂ ਨਾਲ ਗੁੰਮਰਾਹ ਨਾ ਹੋਣ ਤੇ ਕਿਸੇ ਰਹਿਬਰ ਦੇ ਪ੍ਰਗਟ ਹੋਣ ਦੀ ਆਸ 'ਚ ਭਟਕਦੇ ਨਾ ਫਿਰਨ ਬਲਕਿ ਸੁਚੇਤ ਹੋ ਕੇ ਤੁਰਨ ਲਈ ਹੋਕਾ ਦਿੰਦੀ ਹੈ। ਇਹ ਸੱਚ ਹੈ ਕਿ ਸਮੇਂ ਦਾ ਹਾਕਮ ਹੱਕ ਪਲੇਟ ਵਿੱਚ ਧਰ ਕੇ ਪੇਸ਼ ਨਹੀਂ ਕਰਦਾ, ਸੰਘਰਸ਼ ਰਾਹੀਂ ਲੈਣਾ ਪੈਂਦਾ ਹੈ। ਉਸ ਦੀ ਕਵਿਤਾ 'ਆਗਾਜ਼' ਇਹੋ ਕਹਿੰਦੀ ਜਾਪਦੀ ਹੈ—

ਕਿਸ ਸੂਰਜ ਨੂੰ ਤੱਕੋਗੇ
ਰੌਸ਼ਨੀ ਦੀ ਖ਼ਾਤਰ
ਨਾ ਪੈਣਾ ਭਟਕਣਾ 'ਚ
ਖੁਸ਼ਕ ਹਵਾ ਬਣ ਕੇ
ਸੰਭਾਲ ਲਓ ਹੁਣ
ਆਪਣੇ ਤਿਲਕਦੇ ਪੈਰਾਂ ਨੂੰ
ਵਿਛ ਨਾ ਜਾਣਾ ਭੋਲਿਓ
'ਕਾਲੇ ਨਾਗਾਂ' ਲਈ ਰਾਹ ਬਣਗੇ।

ਔਰਤ ਸਰੋਕਾਰਾਂ ਨੂੰ ਜਸਪ੍ਰੀਤ ਨੇ ਆਪਣੀਆਂ ਰਚਨਾਵਾਂ ਦੁਆਰਾ ਵੱਖ-ਵੱਖ ਨਜ਼ਰੀਏ ਤੋਂ ਸਿਰਜਿਆ ਹੈ। ਸਮਾਜ ਦਾ ਆਧਾਰ ਔਰਤ ਅੱਜ ਇਸੇ ਸਮਾਜ ਵਿੱਚ ਅਸੁਰੱਖਿਅਤ ਹੈ। ਭਰੂਣ ਹੱਤਿਆ ਤੋਂ ਲੈ ਕੇ ਸਰੀਰਕ ਸ਼ੋਸ਼ਣ ਤੱਕ ਦੇ ਅਨਿਆ ਸਾਡੀ ਖ਼ਾਮੋਸ਼ੀ ਸਾਹਮਣੇ ਹੋ ਰਹੇ ਹਨ। ਮੰਨਿਆ ਕਿ ਕੁੱਝ ਹਾਲਾਤਾਂ ਵਿੱਚ ਔਰਤ ਨੂੰ ਆਪਣੀ ਅਜ਼ਾਦੀ ਦੀ ਸਹੀ ਢੰਗ ਨਾਲ ਵਰਤੋਂ ਕਰਨੀ ਚਾਹੀਦੀ ਹੈ, ਪਰ ਕੀ ਇਹ ਸਮਾਜ ਇਹਨਾਂ 'ਛਾਵਾਂ' ਪ੍ਰਤੀ ਆਪਣੀ ਜ਼ਿੰਮੇਵਾਰੀ ਕਦੇ ਨਹੀਂ ਸਮਝੇਗਾ ? ਜੇ ਸਮਝੇਗਾ ਤਾਂ ਕਿਵੇਂ ਤੇ ਕਦੋਂ ਸਮਝੇਗਾ ? ਇਹੋ ਜਿਹੇ ਸਵਾਲਾਂ ਦੇ ਜਵਾਬ ਜਸਪ੍ਰੀਤ ਨੇ 'ਅਸੀਂ ਕਿੰਨੇ ਖ਼ਾਮੋਸ਼ ਹਾਂ', 'ਧੀਆਂ', 'ਸਿਰਨਾਵਾਂ ਜਿੰਦੜੀ ਦਾ', 'ਮੈਂ ਕਵਿਤਾ ਕਦੋਂ ਪੜ੍ਹਾਂਗਾ' ਆਦਿ ਪੜ੍ਹਨਯੋਗ ਤੇ ਸਲਾਹੁਣਯੋਗ ਕਵਿਤਾਵਾਂ ਰਚਕੇ ਪਾਠਕਾਂ ਦੇ ਸਨਮੁੱਖ ਕੁੱਝ ਇਸ ਤਰ੍ਹਾਂ ਰੱਖੇ ਹਨ। 'ਧੀਆਂ' ਕਵਿਤਾ ਵਿੱਚੋਂ ਸਤਰਾਂ ਹਨ—

ਤਕਦੀਰ ਧੀਆਂ ਦੀ ਬੁਰੀ ਨਹੀਂ ਏ
ਬੁਰੀਆਂ ਲੋਕ ਨਿਗਾਹਾਂ ਹੁੰਦੀਆਂ।

ਧੁੱਪਾਂ ਜ਼ਰ ਕੇ ਛਾਵਾਂ ਦਿੰਦੀਆਂ
ਇਹ ਵੀ ਤਾਂ ਪਨਾਹਾਂ ਹੁੰਦੀਆਂ।
ਸਜਦਾ ਕਰਿਓ ਐ ਦੁਨੀਆਦਾਰੋਂ
ਰੱਬ ਦੇ ਘਰ ਦੀਆਂ ਰਾਹਾਂ ਹੁੰਦੀਆਂ।

ਨਸਲੀ ਭੇਦ ਦੇ ਮਸਲੇ ਨੂੰ ਆਪਣੀਆਂ ਰਚਨਾਵਾਂ ਵਿੱਚ ਧਾਰਮਿਕਤਾ ਦੇ ਓਹਲੇ ਅਖੌਤੀ ਕਿਰਦਾਰਾਂ 'ਤੇ ਵਿਅੰਗਮਈ ਚੋਟ ਕਰਨ ਸਮੇਤ ਚਿਤਰਦੀ ਹੋਈ ਜਸਪ੍ਰੀਤ ਮਨੁੱਖਤਾ ਦੇ ਧਰਮ ਦਾ ਸੁਨੇਹਾ ਦਿੰਦੀ ਹੈ—

ਓ ਭਰਮਾਂ ਵਾਲਿਓ
ਰਾਜਨੀਤੀ ਦੇ ਨਸ਼ੇ ਦੀ ਗੋਲੀ ਖਾ
ਕਦੇ ਧਰਮ ਦੀ ਸ਼ਮਸ਼ੀਰ ਨਹੀਂ ਚੱਲਦੀ
ਮੋਈ ਹੋਈ ਜ਼ਮੀਰ ਦੇ ਮਾਲਕੋ
ਸ਼ੋਰ-ਸ਼ਰਾਬੇ 'ਚ ਗੁਆਚੇ ਖਾਲੀ ਭਾਂਡਿਓ
ਜੇ ਬਾਕੀ ਐ ਹੌਂਸਲਾ
ਸੁੱਚੇ ਇਲਮ ਤੇ ਅਮਲ ਦਾ
ਤਾਂ ਪਰਮ ਮਨੁੱਖ
ਸੰਤ ਸਿਪਾਹੀ
ਕੌਮ ਪਿਤਾ
ਸਰਬੰਸਦਾਨੀ ਦੀ
ਸੋਚ ਤੇ ਵਿਚਾਰ ਕਰਨਾ.....।

ਜਸਪ੍ਰੀਤ ਸਿੱਧੂ ਦੀ ਅਖ਼ੀਰਲੀ ਕਵਿਤਾ 'ਕਾਹਨ' ਪਾਠਕਾਂ ਨੂੰ ਜ਼ਰੂਰ ਹਲੂਣ ਜਾਏਗੀ ਤੇ ਇਹੋ ਹੀ ਉਸ ਦਾ ਹਾਸਲ ਹੋ ਨਿਬੜੀ ਹੈ। ਇਹ ਇਸ ਕਵਿਤਾ ਰਾਹੀਂ ਜ਼ਿੰਦਗੀ ਦੇ ਇੱਕ ਅਹਿਮ ਪਹਿਲੂ ਨੂੰ ਵੱਖਰੇ ਅੰਦਾਜ਼ ਵਿੱਚ ਪੇਸ਼ ਕਰਦੀ ਹੈ—

ਹੋਣ ਮੁਬਾਰਕ ਮੇਰੇ ਰਿਸ਼ਤਿਓ
ਤੁਹਾਨੂੰ ਦਿਲਲਗੀ ਦੇ ਤੋਹਫ਼ੇ
ਐ ਖੁਸ਼ੀਓ
ਦਰਦੋ
ਖ਼ੁਆਬੋ
ਤੇ ਮੇਰੇ ਲਫ਼ਜ਼ੋ
ਤੁਸੀਂ ਹੋ ਕਾਹਨ ਮੇਰੇ
ਤੇ ਮੇਰੀ ਜ਼ਿੰਦਗੀ ਦੇ ਤੋਹਫੇ।

ਗੁਰੂ ਨਾਨਕ ਦੇਵ ਜੀ ਦਾ ਬਚਨ ਹੈ—

"ਝਿਮ-ਝਿਮ ਬਰਸੈ ਅੰਮ੍ਰਿਤਧਾਰਾ॥
ਮਨ ਜੀਵੈ ਸੁਣ ਸਬਦੁ ਵਿਚਾਰਾ॥"

ਖੁਸ਼ੀਆਂ, ਦਰਦਾਂ, ਖ਼ਾਬਾਂ ਤੇ ਲਫ਼ਜ਼ਾਂ ਨੂੰ ਕਾਹਨ ਵਰਗਾ ਰਿਸ਼ਤਾ ਦੇਣ ਵਾਲੀ ਕਵਿੱਤਰੀ ਹੈ ਜਸਪ੍ਰੀਤ। ਮੇਰੀ ਸਮਝ ਅਨੁਸਾਰ 'ਫ਼ਕੀਰਾਂ ਦੇ ਵਾਰਿਸ' ਕਾਵਿ-ਸੰਗ੍ਰਹਿ ਦੀਆਂ ਸਾਰੀਆਂ ਹੀ ਲਘੂ ਤੇ ਵੱਡੀਆਂ ਕਵਿਤਾਵਾਂ ਪਾਠਕਾਂ ਦੇ ਪੜ੍ਹਨਯੋਗ ਤੇ ਵਿਚਾਰਨਯੋਗ ਹਨ। ਮੈਂ ਜਸਪ੍ਰੀਤ ਸਿੱਧੂ ਨੂੰ ਅਜਿਹੀਆਂ ਰਚਨਾਵਾਂ ਰਚਨ ਲਈ ਮੁਬਾਰਕਬਾਦ ਦਿੰਦਾ ਹਾਂ ਅਤੇ ਸਾਹਿਤਿਕ ਸੱਥ ਵਿੱਚ 'ਫ਼ਕੀਰਾਂ ਦੇ ਵਾਰਿਸ' ਨੂੰ ਜੀ ਆਇਆ ਕਹਿੰਦਾ ਹਾਂ।

**—ਨਛੱਤਰ ਸਿੰਘ ਗਿੱਲ (M.A. Pol.Sci. + Pbi., B.Ed.)**
**ਅਦਾਰਾ ਲੋਹਮਣੀ**
**ਪਿੰਡ ਤੇ ਡਾਕ-ਚੂਹੜ ਚੱਕ** (ਮੋਗਾ)
ਮੋ: 97811-68756
**ਕੈਨੇਡਾ**-604-580-3877

# ਹਰਫ਼ ਮੇਰੇ ਪੰਨੇ ਦੇ

"ਮੈਂ, ਮੈਂ ਨਹੀਂ ਸੀ ਹੋਣਾ, ਐ ਕਵਿਤਾ ਜੇ ਤੂੰ ਬੰਦਗੀ ਨਾ ਹੁੰਦੀ।
ਮੈਨੂੰ ਜਿਉਣਾ ਨਹੀਂ ਸੀ ਆਉਣਾ, ਐ ਕਵਿਤਾ ਜੇ ਤੂੰ ਜ਼ਿੰਦਗੀ ਨਾ ਹੁੰਦੀ।"

ਮੇਰੀਆਂ ਪਹਿਲਾਂ ਆਈਆਂ ਕਾਵਿ-ਪੁਸਤਕਾਂ 'ਸ਼ਬਦਾਂ ਦੀ ਦਹਿਲੀਜ਼' ਅਤੇ 'ਤਮੰਨਾ' ਪੜ੍ਹ ਕੇ ਪਾਠਕਾਂ, ਵਿਦਵਾਨਾਂ ਦੇ ਹੁੰਗਾਰੇ ਤੇ ਸੁਝਾਵਾਂ ਰੂਪੀ ਰੌਸ਼ਨੀ ਵਿੱਚ ਮੈਨੂੰ ਫ਼ਕੀਰਾਂ ਦੇ ਵਾਰਿਸਾਂ ਦਾ ਚਿਹਰਾ-ਮੁਹਰਾ ਹੋਰ ਚੰਗੀ ਤਰ੍ਹਾਂ ਨਜ਼ਰ ਆਇਆ। ਮੇਰੀ ਇਹ ਆਸ ਤੇ ਕੋਸ਼ਿਸ਼ ਹੈ ਕਿ ਵੋਟਾਂ ਤੇ ਨੋਟਾਂ ਤੇ ਉੱਚ ਕੋਟੀ ਦੇ ਵਪਾਰੀਆਂ ਦੁਆਰਾ ਮਹਿੰਗੇ ਅਤੇ ਨਜਾਇਜ਼ ਮੁੱਲ ਤੇ ਵੰਡੇ ਚਸ਼ਮਿਆਂ ਰਾਹੀਂ ਜ਼ਿੰਦਗੀ ਭਾਲਦੇ ਫ਼ਕੀਰਾਂ ਦੇ ਵਾਰਿਸ ਸਮੇਂ ਦੀਆਂ ਲੋੜਾਂ ਦੇ ਸਨਮੁੱਖ ਹੋ ਕੇ ਚਕਾਚੌਂਧ ਤੋਂ ਪਰੇ ਖ਼ੁਦ ਨੂੰ, ਰਿਸ਼ਤਿਆਂ ਨੂੰ, ਕੌਮ ਦੇ ਫਰਿਸ਼ਤਿਆਂ ਨੂੰ, ਆਪਣੇ ਆਧਾਰ ਅਤੇ ਆਪਣੀ ਪਛਾਣ ਨੂੰ ਜਾਣ ਲੈਣ।

ਸੋ ਮੇਰੀ ਇਹ ਉਮੀਦ, ਰੱਬ ਦੀ ਮਿਹਰ ਸਦਕਾ ਅਜੋਕੇ ਮਸਲਿਆਂ ਨੂੰ ਕਵਿਤਾਵਾਂ ਰਾਹੀਂ ਸਿਰਜਣ ਦੀ ਮਿਲੀ ਤੌਫ਼ੀਕ ਦੇ ਨਾਲ-ਨਾਲ ਹੱਥਲੀ ਕਾਵਿ-ਪੁਸਤਕ 'ਫ਼ਕੀਰਾਂ ਦੇ ਵਾਰਿਸ' ਵਿੱਚ ਜ਼ਿੰਦਗੀ ਦੇ ਰੰਗਾਂ ਸਮੇਤ ਪਾਠਕਾਂ ਦੀ ਸੂਝ ਦੇ ਅਸਮਾਨੀ ਭਰਪੂਰ ਹੁੰਗਾਰੇ ਦੀ ਉਡੀਕਵਾਨ ਹੈ।

ਮੈਂ ਵਿਸ਼ੇਸ਼ ਤੌਰ 'ਤੇ ਡਾ. ਭੂਪਿੰਦਰ ਕੌਰ ਜੀ, ਡਾ. ਸੁਰਜੀਤ ਬਰਾੜ ਜੀ ਅਤੇ ਨਛੱਤਰ ਸਿੰਘ ਗਿੱਲ ਜੀ ਦੀ ਯੋਗ ਅਗਵਾਈ ਲਈ ਤਹਿ ਦਿਲੋਂ ਧੰਨਵਾਦੀ ਹਾਂ।

**—ਜਸਪ੍ਰੀਤ ਸਿੱਧੂ**

## ਤਤਕਰਾ


- ਫ਼ਕੀਰਾਂ ਦੇ ਵਾਰਿਸ 27
- ਧਰਮ ਦੀ ਸ਼ਮਸ਼ੀਰ 29
- ਵੰਗਾਰਦੀ ਜ਼ਮੀਰ 30
- ਕੀ ਅਸੀਂ ਬੰਦੇ ਹਾਂ 31
- ਉਹ ਪਲ 33
- ਇੱਕ ਨਜ਼ਮ ਦੀ ਯਾਦ ਵਿੱਚ 34
- ਰੁੱਖਾਂ ਦੇ ਸਨਮੁੱਖ 35
- ਘੜੀ ਦੁਆਵਾਂ ਦੀ 36
- ਵੀਰਾ ਚਿਰ ਨਾ ਲਾਈਂ 37
- ਦਫ਼ਨ ਹੋਈ ਮਨੁੱਖਤਾ 39
- ਆਓ ਅਹਿਦ ਕਰੀਏ 40
- ਆਹ ਵੇਖ ਲੈ ਸਰਾਭਿਆ 41
- ਸਿਰਨਾਵਾਂ ਜ਼ਿੰਦੜੀ ਦਾ 43
- ਉਮਰਾਂ ਦੀ ਪੀੜ 44
- ਓਹਦੇ ਖ਼ਾਬ ਲਈ 45
- ਸਨਮਾਨਾਂ ਦੇ ਵਪਾਰੀ 46
- ਮਾਂ ਦਾ ਰਿਸ਼ਤਾ 47
- ਬਾਪੂ ਦੀਆਂ ਬਾਤਾਂ 48
- ਧਰਮਾਂ ਦੀ ਸਾਂਝ 49
- ਖ਼ਿਆਲ ਤੇ ਖੁਸ਼ਬੂ 50
- ਰੁੱਤਾਂ 51
- ਕਵਿਤਾ ਦੇ ਦਰ ’ਤੇ 52
- ਮਿੱਠਾ ਜ਼ਹਿਰ 53
- ਮੈਂ ਕਵਿਤਾ ਕਦੋਂ ਪੜ੍ਹਾਂਗਾ 54
- ਬਾਪੂ ਵੀ ਤਾਂ ਰੱਬ ਹੁੰਦੇ ਨੇ 55
- ਅਸੀਂ ਕਿੰਨੇ ਖ਼ਾਮੋਸ਼ ਹਾਂ 56
- ਸੋਚਾਂ ਦਾ ਪੰਛੀ 57
- ਰਸਤੇ ਮੰਜ਼ਿਲ ਦੇ 58
- ਮਾਂ ਦੀਆਂ ਯਾਦਾਂ 59

- ਕੀ ਖ਼ੁਆਬ ਦੇ ਕੇ ਜਾਈਏ 61
- ਸਵੇਰ 62
- ਧੀਆਂ 64
- ਦਖ਼ਲ 65
- ਅਰਜ਼ 66
- ਦੇ ਦੇ ਕੋਈ ਟਿਕਾਣਾ 67
- ਖ਼ੈਰ 69
- ਵਾਪਸੀ 70
- ਬਖ਼ਸ਼ੀਂ ਸਿਵੇ ਦੀ ਅਗਨ 71
- ਸਾਂਝਾ ਖ਼ੂਨ 72
- ਮਕਸਦ 74
- ਅਮਲ ਦੀ ਲਕੀਰ 75
- ਜ਼ਿੰਦਗੀ 76
- ਅਨੁਵਾਦ 77
- ਰੌਸ਼ਨੀ ਦੀ ਆਇਤ 78
- ਜ਼ਮਾਨਾ 79
- ਆਗ਼ਾਜ਼ 80
- ਅੱਲਾ 81
- ਨੂਰ 83
- ਆਖ਼ਰ ਕਿਉਂ 84
- ਸੁਨਹਿਰੀ ਜ਼ਿਕਰ-ਪੰਜਾਬ 85
- ਤਸਵੀਰ ਸੋਚ ਦੀ 87
- ਸਾਂਝਾ ਖ਼ੁਆਬ 88
- ਮਾਨਵੀ ਮੁੱਲ 89
- ਸਵਾਲ ਕਾਇਰ ਚੁੱਪੀ ਨੂੰ 91
- ਜ਼ਿੰਦਗੀ ਦੀ ਅਜ਼ਮਾਇਸ਼ 93
- ਯਾਦਾਂ 94
- ਸੁਲਤਾਨਗੀ 95
- ਕਾਹਨ 96

## ਫ਼ਕੀਰਾਂ ਦੇ ਵਾਰਿਸ

ਮਾਂ
ਤੇਰੀ ਕੁੱਖੋਂ ਜਨਮੀ ਜ਼ਿੰਦਗੀ
ਤੇਰੇ ਮੁੱਖ ਦੀ ਉਦਾਸੀ ਬਣ
ਭਲਾ ਕਦੋਂ ਤੱਕ ਜੀਏਗੀ
ਕਦੇ ਤਾਂ ਉਤਰੇਗੀ
ਤੇਰੇ ਦੁਲਾਰਿਆਂ ਦੀਆਂ ਅੱਖਾਂ ਤੋਂ
ਭਰਮਾਂ ਦੀ ਧੁੰਦ
ਕਦੇ ਤਾਂ ਆਉਣਗੇ
ਲਾਲ ਤੇਰੇ
ਕੰਕਰੀਟ ਦੇ ਜੰਗਲਾਂ ਤੋਂ
ਤੇਰੀ ਗੋਦ ਦੇ ਸੁੱਖ ਲਈ
ਕਦੇ ਤਾਂ ਖਾਣਗੇ
ਨਫ਼ਰਤਾਂ ਦੀ ਕੁੜੱਤਣ ਮਗਰੋਂ
ਆਪਣੇ ਹੀ ਦਰ ਬੈਠ
ਤੇਰੇ ਗੁੜ ਦੀ ਰੋੜੀ ਨੂੰ
ਕਦੇ ਤਾਂ ਕਰਨਗੇ
ਵਸਤਾਂ ਤੋਂ ਮੂੰਹ ਮੋੜ
ਇਹ ਸੱਚ ਦੇ ਸੌਦੇ
ਕਦੇ ਤਾਂ ਸੁਣਨਗੇ
ਸ਼ੋਰ-ਸ਼ਰਾਬੇ ਤੋਂ ਹਾਰ
ਤੱਤੀ ਤਵੀ ਦੇ ਸੁਖ਼ਨ
ਕਦੇ ਤਾਂ ਚੁਣਨਗੇ
ਸਰਬੰਸਦਾਨੀ ਦੀ ਨਜ਼ਰ ਤੋਂ
ਮਨੁੱਖਤਾ ਨੂੰ
ਧਰਮ ਨੂੰ
ਸਦੀਆਂ ਦੀ ਸਾਂਝ ਨੂੰ
ਮਾਂ
ਤੇਰੇ ਰੱਬ ਜਿੱਡੇ ਜਿਗਰੇ ਦੀ ਥਾਹ
ਭਾਵੇਂ ਨਹੀਂ ਪਾ ਸਕਦੇ ਤੇਰੇ ਵਾਰਿਸ

ਪਰ ਕਦੇ ਤਾਂ ਜਾਣਨਗੇ
ਤਲੀ ਤੇ ਟਿਕਾਏ ਸੀਸ ਬਾਰੇ
ਕਦੇ ਤਾਂ ਪਛਾਨਣਗੇ
ਸ਼ਹੀਦਾਂ ਦੇ ਅਕਸ 'ਚੋਂ
ਇਨਕਲਾਬ ਤੇ ਅਜ਼ਾਦੀ ਦੇ
ਅਸਲੀ ਸ਼ਖ਼ਸ ਨੂੰ
ਕਦੇ ਤਾਂ ਸੋਚਣਗੇ
ਪੰਜਾਂ ਪਾਣੀਆਂ ਤੇ ਖਿੱਚੀ
ਲਕੀਰ ਦੇ ਮੁੱਲ ਬਾਰੇ
ਚੁਰਾਸੀ ਦੇ ਦਰਦ ਤੇ
ਆਪਣੀ ਹਰ ਭੁੱਲ ਬਾਰੇ
ਕਦੇ ਤਾਂ ਪਾਉਣਗੇ
ਗੁਲਾਮ ਮਾਨਸਿਕਤਾ ਦੀ
ਤੋੜ ਕੇ ਜ਼ੰਜ਼ੀਰ
ਤੇਰੇ ਪਿਆਰ 'ਚ ਪਰੋਈ
ਪੈਂਤੀ ਅੱਖਰਾਂ ਦੀ ਗਾਨੀ
ਕਦੇ ਤਾਂ ਪਰਤਣਗੇ
ਸਵੇਰ ਦੇ ਭੁੱਲੇ
ਸ਼ਾਮ ਤੱਕ ਘਰਾਂ ਨੂੰ
ਮਾਖਿਉਂ ਮਿੱਠੀ ਬੋਲੀ ਤੇ
ਫ਼ਕੀਰਾਂ ਦੇ ਵਾਰਿਸ
ਹਾਂ ਮਾਂ
ਚੀਰਨਗੇ ਹਨੇਰਿਆਂ ਨੂੰ
ਪਾ ਲੈਣਗੇ ਸਵੇਰਿਆਂ ਨੂੰ
ਫ਼ਕੀਰਾਂ ਦੇ ਵਾਰਿਸ
ਫ਼ਕੀਰਾਂ ਦੇ ਵਾਰਿਸ।

# ਧਰਮ ਦੀ ਸ਼ਮਸ਼ੀਰ

ਓ ਭਰਮਾਂ ਵਾਲਿਓ
ਰਾਜਨੀਤੀ ਦੇ
ਨਸ਼ੇ ਦੀ ਗੋਲੀ ਖਾ
ਕਦੇ ਧਰਮ ਦੀ ਸ਼ਮਸ਼ੀਰ
ਨਹੀਂ ਚੱਲਦੀ
ਮੋਈ ਹੋਈ
ਜ਼ਮੀਰ ਦੇ ਮਾਲਕੋ
ਸ਼ੋਰ ਸ਼ਰਾਬੇ 'ਚ ਗੁਆਚੇ
ਖਾਲੀ ਭਾਂਡਿਓ
ਜੇ ਬਾਕੀ ਐ ਹੌਂਸਲਾ
ਸੁੱਚੇ ਇਲਮ ਦੇ ਅਮਲ ਦਾ
ਤਾਂ ਪਰਮ ਮਨੁੱਖ
ਸੰਤ ਸਿਪਾਹੀ
ਕੌਮ ਪਿਤਾ
ਸਰਬੰਸਦਾਨੀ ਦੀ
ਸੋਚ ਤੇ ਵਿਚਾਰ ਕਰਨਾ
ਤੇ ਜਾਂਚ ਲੈਣਾ
ਕਿ ਧਰਮ ਦੀ ਸ਼ਮਸ਼ੀਰ
ਮਨੁੱਖਤਾ ਦੇ ਭਲੇ ਲਈ ਉੱਠਦੀ ਏ
ਮਨੁੱਖਤਾ ਦੇ ਘਾਣ ਲਈ ਨਹੀਂ
ਬੇਆਸਰਿਆਂ ਦੇ ਆਸਰੇ ਲਈ ਉੱਠਦੀ ਏ
ਮਨਮੁੱਖਾਂ ਦੇ ਮਾਣ ਲਈ ਨਹੀਂ।

## ਵੰਗਾਰਦੀ ਜ਼ਮੀਰ

ਇਤਿਹਾਸ ਜ਼ਮੀਰਾਂ ਨੇ ਲਿਖੇ ਨੇ ਸ਼ਮਸ਼ੀਰਾਂ ਤੋਂ ਪੁੱਛੋ।
ਲਹੂ ਦੀ ਲਾਲੀ ਤੋਂ ਲੋਅ ਬਣਦੇ ਵੀਰਾਂ ਤੋਂ ਪੁੱਛੋ।

ਜ਼ਾਲਮ ਹਉਮੈਂ ਦੀ ਜਾਤ ਬਾਰੇ ਨਾ ਚੀਰਾਂ ਤੋਂ ਪੁੱਛੋ।
ਤਰਕਸ਼ ਨੂੰ ਵੀ ਛੱਡੋ ਉਡਾਣ ਆਏ ਤੀਰਾਂ ਤੋਂ ਪੁੱਛੋ।

ਰੁੱਖਾਂ ਨੂੰ ਕੁਰਸੀਆਂ ਕਹਿਣ ਵਾਲੇ ਕੀ ਦੱਸਣਗੇ
ਸਾਂਝ ਦੇ ਪੁਲਾਂ ਬਾਰੇ ਪੰਜਾਬ ਦੇ ਨੀਰਾਂ ਤੋਂ ਪੁੱਛੋ।

ਕਿਸੇ ਧਰਮ ਦੀ ਮਰਿਯਾਦਾ ਕਦੇ ਦੀਵਾਰ ਨਹੀਂ ਬਣਦੀ
ਸੱਚੀ ਬਾਣੀ ਨਾਲ ਜੁੜ ਕੇ ਗੁਰੂਆਂ ਪੀਰਾਂ ਤੋਂ ਪੁੱਛੋ।

ਮੋਢਿਆਂ ਤੇ ਜਿੰਦੜੀ ਇਹ ਢੋਣਗੀਆਂ ਕਦੋਂ ਤੱਕ
ਸ਼ੀਸ਼ੇ ਵਿੱਚੋਂ ਆਪਣੀਆਂ ਤਸਵੀਰਾਂ ਤੋਂ ਪੁੱਛੋ।

# ਕੀ ਅਸੀਂ ਬੰਦੇ ਹਾਂ

ਉਹ ਨਾ ਗੋਬਿੰਦ ਦਾ ਵਾਰਿਸ ਸੀ
ਨਾ ਗੋਬਿੰਦ ਦਾ ਸਿੱਖ ਸੀ
ਹਾਂ ਬੰਦਾ ਜ਼ਰੂਰ ਸੀ
ਜਿਹਦੀ ਜਿਉਂਦੀ ਸੀ
ਅਣਖ ਵੀ
ਮਨੁੱਖਤਾ ਲਈ ਜੂਝਣ ਦਾ
ਮੋਇਆ ਨਹੀਂ ਜਨੂੰਨ ਸੀ
ਉਹ ਵੈਰੀ ਸੀ ਬੁਰਾਈ ਦਾ
ਕਿਸੇ ਧਰਮ ਦਾ ਨਹੀਂ
ਉਹਨੂੰ ਗੁਰੂ ਥਾਪੜੇ ਦਾ ਜਲਾਲ ਸੀ
ਮਾਣ ਕਰਮ ਦਾ ਨਹੀਂ
ਉਹਨੂੰ ਸੰਘਰਸ਼ ਨਾਲ ਪਿਆਰ ਸੀ
ਮਾਵਾਂ-ਭੈਣਾਂ ਦਾ ਵੀ ਖ਼ਿਆਲ ਸੀ
ਉਹ ਨਿਆਂ ਦੀ ਇੱਕ ਆਸ ਸੀ
ਉਹ ਸੁਨਹਿਰੀ ਇਤਿਹਾਸ ਸੀ.....
ਪਰ ਅੱਜ!!
ਸਾਨੂੰ ਸਾਡੀ ਮਨੁੱਖਤਾ ਦਾ
ਕਿੰਨਾ ਕੁ ਅਹਿਸਾਸ ਹੈ
ਨਾ ਗੁਰੂ ਦਾ, ਨਾ ਸੱਚ ਦਾ
ਬੰਦਾ ਆਪੇ ਦਾ ਮੁਥਾਜ ਹੈ
ਬਸ ਪੈਸੇ ਦੇ, ਕੁਰਸੀ ਦੇ
ਹਉਮੈ ਲਾਲਚ ਦੀ ਬੁਰਕੀ ਦੇ
ਨਸ਼ਿਆਂ ਦੇ ਜਾਲਾਂ ਵਿੱਚ
ਕਿਸੇ ਮਾਲਕ ਦੀ ਘੁਰਕੀ ਦੇ
ਵਸਤਾਂ ਦੀ ਲਿਸ਼ਕ ਦੇ
ਖ਼ੋਖਲੇ ਇਸ਼ਕ ਦੇ
ਆਪਣੀ ਹੀ ਨਗਰੀ ਦੇ
ਬੇਗਾਨੇ ਬੰਦਿਆਂ 'ਚ
ਆਪਣੀ ਕਮਜ਼ੋਰੀ ਦੇ

ਤੇ ਸ਼ਿਕਾਰੀ ਦੇ ਫੰਦਿਆਂ 'ਚ
ਲਿਪਟੇ ਹਾਂ ਰਹਿੰਦੇ
ਬੇਨਿਯਮੀ ਜ਼ਿੰਦਗੀ ਤੋਂ
ਬੇ ਵਕਤੀ ਮੌਤ ਤੱਕ
ਸਿਮਟੇ ਹਾਂ ਰਹਿੰਦੇ
ਫ਼ਰਜ਼ਾਂ ਦੀ ਕਬਰ 'ਤੇ
ਹੱਕਾਂ ਦੇ ਅਰਸ਼ਾਂ ਤੱਕ
ਅਸੀਂ ਵਾਰਸ ਹੀ ਵਾਰਸ ਹਾਂ
ਖ਼ੁਦ ਲਈ ਜੂਝਦੇ
ਸਿਖਾਂਦਰੂ ਹਾਂ ਸਿੱਖ ਦਾ
ਪਰ
ਕੀ ਅਸੀਂ ਬੰਦੇ ਹਾਂ ??

# ਉਹ ਪਲ

ਜਦ ਮੇਰੀ
ਮਾਂ ਵਰਗੀ ਭੈਣ ਨੇ
ਮੈਨੂੰ ਗਲ਼ ਲਾਇਆ
ਤਾਂ ਚੁੱਪ ਜਿਹੇ
ਦੀਵਾ ਹੰਝੂਆਂ ਦਾ
ਮੇਰੇ ਮੋਢੇ ਤੇ ਜਲਾਇਆ
ਉਂਝ ਭਾਵੇਂ
ਯਾਦ ਰੱਖਾਂ
ਹਰ ਪਲ ਤੈਨੂੰ ਰੱਬਾ
ਉਸ ਪਲ
ਮੈਨੂੰ ਸੱਚੀਂ
ਤੂੰ ਵੀ ਯਾਦ ਨਾ ਆਇਆ
ਰੂਹਾਨੀ ਸੀ
ਅਦਭੁੱਤ ਸੀ
ਵਿਸਮਾਦ ਸੀ
ਉਸ ਪਲ ਦਾ
ਹਰ ਪਲ ਵੀ
ਸੁਆਦ ਸੁਆਦ ਸੀ
ਯੁਗਾਂ ਤੋਂ
ਵਿਛੜੀ ਰੂਹ ਨੇ
ਕੀਤਾ ਦਿਲ ਮੇਰੇ ਦਾ
ਅਨੁਵਾਦ ਸੀ
ਉਹ ਪਲ ਹੀ ਤਾਂ
ਰੱਬ ਤੋਂ ਪਹਿਲਾਂ
ਮਾਂ ਦੀ ਬੰਦਗੀ ਸੀ
ਉਹ ਪਲ ਹੀ ਤਾਂ
ਮੌਤੋਂ ਪਹਿਲਾਂ
ਮੁਕੰਮਲ ਜ਼ਿੰਦਗੀ ਸੀ......।

## ਇੱਕ ਨਜ਼ਮ ਦੀ ਯਾਦ ਵਿੱਚ

ਮੈਂ ਉਹਦੇ ਦਿਲ 'ਚ ਉੱਠਦੇ
ਭਾਵਾਂ ਦਾ
ਉਲਾਸ ਹਾਂ
ਉਹਦੀ ਤੱਕਣੀ 'ਚ ਜਿਉਂਦੇ
ਮੋਹ ਲਈ
ਪਿਆਸ ਹਾਂ
ਇਸ ਦੁਨੀਆਂ ਦੇ ਸ਼ੋਰ 'ਚ
ਉਹਦੀ ਚੁੱਪ ਦਾ
ਲਿਬਾਸ ਹਾਂ
ਉਹਦੇ ਪਿਆਰ ਲਈ ਤਰਸਦਾ
ਹਰ ਪਲ ਇੱਕ
ਬਨਵਾਸ ਹਾਂ
ਸ਼ਹਿਰ ਬੇਗਾਨੇ ਉਹਦੀ
ਮੁਸਕਾਨ ਦੀ
ਮਿਠਾਸ ਹਾਂ
ਮਿਟਣ ਵਾਲੀ ਹੋਂਦ ਦਾ
ਸੁਖਾਵਾਂ ਜਿਹਾ
ਕਿਆਸ ਹਾਂ
ਇੱਕ ਨਜ਼ਮ ਦੀ ਯਾਦ ਵਿੱਚ
ਮੈਂ ਬਹੁਤ
ਉਦਾਸ ਹਾਂ।

## ਰੁੱਖਾਂ ਦੇ ਸਨਮੁੱਖ

ਘੁੱਗ ਵਸਦੇ
ਗਲੋਬਲੀ ਪਿੰਡ ਵਿੱਚ
ਪਦਾਰਥਾਂ ਦੀਆਂ ਗੱਲਾਂ ਨੇ
ਵਪਾਰ ਦੀਆਂ ਗੱਲਾਂ ਨੇ
ਹਰ ਦਿਲ ਡਰਦਾ ਏ
ਆਪੇ ਤੇ ਪਰਦਾ ਕਰਦਾ ਏ
ਇਨਸਾਨੀਅਤ ਦੀਆਂ
ਰਮਜ਼ਾਂ ਤੋਂ ਦੂਰ
ਭੇਦ ਨੂੰ ਭੇਦ ਈ ਰੱਖਦਾ ਏ
ਐ ਵਿਸ਼ਵੀਕਰਨ ਦੇ
ਉਪਭੋਗੀ ਮਨਮੁਖਾ
'ਇਨਸਾਨਾਂ' ਦੇ ਨਾ ਸਹੀ
ਪਰ ਕਦੇ-ਕਦੇ
ਹੋ ਜਾਇਆ ਕਰ
ਰੁੱਖਾਂ ਦੇ ਸਨਮੁੱਖ
ਕਿਤੇ ਇਹ ਨਾ ਹੋਵੇ
ਤੇਰੀ ਆਉਣ ਵਾਲੀ ਪੀੜ੍ਹੀ
ਵਸਤਾਂ ਤੇ ਇਨਸਾਨਾਂ ਦਾ
ਫ਼ਰਕ ਹੀ ਨਾ ਸਮਝੇ।

# ਘੜੀ ਦੁਆਵਾਂ ਦੀ

ਕੋਲ ਰਹਿਣਦੇ ਮੇਰੇ ਇਹ ਘੜੀ ਦੁਆਵਾਂ ਦੀ।
ਪੰਛੀ ਵੀ ਸਹਿਮੇ ਵੇਖ ਹਨੇਰੀ 'ਵਾਵਾਂ ਦੀ।

ਮੁਸਕਾਨ ਜੋਗੇ ਰਹਿ ਗਏ ਆ ਸਾਂਭ ਲਈਏ
ਹੱਥੋਂ ਛੁੱਟ ਨਾ ਜਾਏ ਵੇਖੀਂ ਕੰਨੀ ਚਾਵਾਂ ਦੀ।

ਛਾਇਆ ਹਨੇਰਾ ਚੁੱਪ ਦਾ ਚਹੁੰ ਪਾਸੀਂ
ਰੌਸ਼ਨੀ ਦੇ ਬੋਲਾਂ ਸੰਗ ਪ੍ਰੀਤ ਕਿਨ੍ਹਾਂ ਥਾਵਾਂ ਦੀ।

ਧੁੱਪਾਂ ਉਹ ਲਿਖਦੇ ਹੋਰਾਂ ਦੀ ਕਿਸਮਤ ਵਿੱਚ
ਆਪਣੀ ਜੁਗਤ ਬਣਾਉਂਦੇ ਰਹਿੰਦੇ ਛਾਵਾਂ ਦੀ।

ਪੁੱਤ ਭਟਕਦੇ ਫਿਰਦੇ ਨੇ ਭੁੱਲ ਭਲਾਵੇ ਵਿਚ
ਕਦ ਪਰਤੂਗੀ ਰੱਬਾ! ਜ਼ਿੰਦਗੀ ਮਾਵਾਂ ਦੀ।

## ਵੀਰਾ ਚਿਰ ਨਾ ਲਾਈਂ

ਇਹ ਰੌਸ਼ਨੀ ਦੇ ਦੌਰ ਦਾ ਕੈਸਾ ਹਨੇਰਾ
ਵਸਤਾਂ ਦੀ ਏ ਕਾਵਾਂ ਰੌਲ਼ੀ ਖਾਲੀ ਬਨੇਰਾ
ਐਸੇ ਯੁੱਗ ਦੇ ਵਾਰਸਾ ਤੇਰਾ ਕਿੱਥੇ ਐ ਡੇਰਾ
ਘਰ ਬਣਾਉਂਦਾ ਤੂੰ ਮਿੱਟੀ ਹੋ ਕੇ ਕਿਰ ਨਾ ਜਾਈਂ
ਦਿਲ 'ਚ ਫ਼ਿਕਰਾਂ ਤੇਰੀਆਂ ਲੈ ਕੇ ਹਾਂ ਬੈਠੀ
ਰਾਹ ਵੇਖੇ ਤੇਰੀ ਭੈਣ ਵੀਰਾ ਚਿਰ ਨਾ ਲਾਈਂ।

ਰੋਣਾ ਏਂ ਜਦ ਵੀ ਹੌਂਕੇ ਜਿਹੇ ਲੈ ਕੇ ਵੇਖਦੀ ਹਾਂ
ਵੀਰਾ! ਤਪਸ਼ ਤੇਰੇ ਦਰਦ ਦੀ ਮੈਂ ਸੇਕਦੀ ਹਾਂ
ਜਿੱਥੇ ਦੌਲਤਾਂ ਸੰਗ ਪਰਖਦੇ ਨੇ ਆਦਮੀ ਨੂੰ
ਮੇਰੇ ਚੰਨ ਤੂੰ ਐਸੀ ਨਗਰੀ ਫਿਰ ਨਾ ਜਾਈਂ
ਦਿਲ 'ਚ ਫ਼ਿਕਰਾਂ ਤੇਰੀਆਂ ਲੈ ਕੇ ਹਾਂ ਬੈਠੀ
ਰਾਹ ਵੇਖੇ ਤੇਰੀ ਭੈਣ ਵੀਰਾ ਚਿਰ ਨਾ ਲਾਈਂ।

ਤੁਰ ਗਈ ਸੀ ਅਲਵਿਦਾ ਕਹਿ ਕੇ ਮੈਂ ਤੈਨੂੰ
ਅੱਖਾਂ ਭਰ ਕੇ ਵੇਖਦਾ ਰਹਿ ਗਿਆ ਸੀ ਮੈਨੂੰ
ਜ਼ਖ਼ਮਾਂ ਤੇ ਲੂਣ ਲਾਉਂਦੇ ਨੇ ਮੱਲ੍ਹਮ ਉਹ ਕਹਿ ਕੇ
ਦੋਗਲੇ ਜਿਹੇ ਲੋਕਾਂ ਦੇ ਹੱਥੋਂ ਵਿਰ ਨਾ ਜਾਈਂ
ਦਿਲ 'ਚ ਫ਼ਿਕਰਾਂ ਤੇਰੀਆਂ ਲੈ ਕੇ ਹਾਂ ਬੈਠੀ
ਰਾਹ ਵੇਖੇ ਤੇਰੀ ਭੈਣ ਵੀਰਾ ਚਿਰ ਨਾ ਲਾਈਂ।

ਮਾਣ ਵੱਡਿਆਂ ਕਰਦਾ ਰਹੀ ਤੂੰ ਸਿਰ ਝੁਕਾ ਕੇ
ਛੋਟਿਆਂ ਨੂੰ ਪਿਆਰ ਦੇਈਂ ਦੁਖੜਾ ਛੁਪਾ ਕੇ
ਸਿਖ਼ਰਾਂ ਛੂਹ ਕੇ ਧਰਤੀ ਨਾ ਭੁੱਲੀ ਵੀਰਨਾ ਵੇ
ਠੋਕਰਾਂ ਨੇ ਬਹੁਤ ਵੇਖੀਂ ਗਿਰ ਨਾ ਜਾਈਂ
ਦਿਲ 'ਚ ਫ਼ਿਕਰਾਂ ਤੇਰੀਆਂ ਲੈ ਕੇ ਹਾਂ ਬੈਠੀ
ਰਾਹ ਵੇਖੇ ਤੇਰੀ ਭੈਣ ਵੀਰਾ ਚਿਰ ਨਾ ਲਾਈਂ।

ਰਹੀਂ ਮਾਂ-ਬੋਲੀ ਦੇ ਪੈਰਾਂ ਦੀ ਤੂੰ ਧੂੜ ਬਣ ਕੇ
ਉਹ ਇਲਮ ਸਿਖ ਲਈਂ ਵੀਰਾ ਤੇਰੀ ਰੂਹ 'ਚ ਛਣ ਕੇ

ਜ਼ਿੰਦਗੀ ਤੇਰੀ ਨੂੰ ਜੋ ਕਬਜ਼ਾ ਨੇ ਕਹਿੰਦੇ
ਭੈੜੇ ਉਹਨਾਂ ਰਿਸ਼ਤਿਆਂ 'ਚ ਘਿਰ ਨਾ ਜਾਈਂ
ਦਿਲ 'ਚ ਫ਼ਿਕਰਾਂ ਤੇਰੀਆਂ ਲੈ ਕੇ ਹਾਂ ਬੈਠੀ
ਰਾਹ ਵੇਖੇ ਤੇਰੀ ਭੈਣ ਵੀਰਾ ਚਿਰ ਨਾ ਲਾਈਂ।

## ਦਫ਼ਨ ਹੋਈ ਮਨੁੱਖਤਾ

ਮਨੁੱਖਤਾ ਦੀ ਦੁਸ਼ਮਣ
ਮਰ ਚੁੱਕੀ ਜ਼ਮੀਰ ਦੀ ਮਾਲਕ
ਖ਼ੁਦਾ ਤੋਂ ਬੇਖ਼ੌਫ਼
ਮਾਸੂਮ ਬਾਲਾਂ ਦੇ ਖ਼ੂਨ 'ਚੋਂ
ਆਪਣੇ ਹੱਕ ਦੀ ਤਾਸੀਰ ਭਾਲਦੀ
ਆਤੰਕੀ ਸੋਚ
ਕਦ ਮਿਟੇਗੀ ਦੁਨੀਆਂ ਤੋਂ
ਕਦ ਰੁਕੇਗੀ ਅਨਿਆਂ ਦੀ ਹਨੇਰੀ
ਤੇ ਕਦ ਵੇਖਣਗੀਆਂ ਅੱਖਾਂ
ਭਵਿੱਖ ਦੇ ਸੁਨਹਿਰੀ ਸੁਪਨੇ
ਐ ਮਨੁੱਖਤਾ ਦੇ ਸਾਂਝੇ ਫ਼ਰਿਸ਼ਤਿਓ
ਕਦ ਪਰਤੇਗੀ ਫਿਰ ਤੋਂ
ਦਫ਼ਨ ਹੋਈ ਮਨੁੱਖਤਾ
ਧੜਕਦਾ, ਖਿੜਦਾ ਜੀਵਨ ਬਣ ਕੇ.....।

# ਆਓ ਅਹਿਦ ਕਰੀਏ

ਆਓ ਰਲ ਕੇ ਜ਼ਿੰਦਗੀ ਦੇ
ਕੁੱਝ ਜਿਉਂਦੇ ਪਲ ਸਿਰਜੀਏ
ਆਓ ਸਿਰਜੇ ਹੋਏ ਪਲਾਂ ਨੂੰ
ਖੇੜੇ ਸੰਗ ਭਰੀਏ
ਆਓ ਮਨੁੱਖਤਾ ਦਾ
ਧਰਮ ਨਿਭਾਈਏ
ਆਓ ਕੋਈ ਧਰਮ ਦਾ
ਕਰਮ ਕਰੀਏ
ਆਓ ਧੀਆਂ, ਭੈਣਾਂ, ਮਾਵਾਂ ਦਾ
ਆਸਰਾ ਬਣੀਏ
ਆਓ ਆਸਰੇ ਤੋਂ ਫ਼ਿਰ
ਹੌਂਸਲਾ ਬਣੀਏ
ਆਓ ਔਰਤ ਦੇ ਅਧਿਕਾਰਾਂ ਦੀ
ਮਾਨਤਾ ਭਰੀਏ
ਆਓ ਰਿਸ਼ਤਿਆਂ 'ਚ ਮਨੁੱਖਤਾ ਦਾ
ਵਾਸਤਾ ਭਰੀਏ
ਆਓ ਸਾਰੇ ਜ਼ਿੰਦਗੀ ਦੇ
ਨੇਕ ਅਹਿਦ ਕਰੀਏ
ਆਓ ਇਸ ਅਹਿਦ ਦੀ
ਰੂਹ ਤੱਕ ਹਾਜ਼ਰੀ ਭਰੀਏ
ਆਓ ਅਹਿਦ ਕਰੀਏ
ਆਓ ਅਹਿਦ ਕਰੀਏ.....।

## ਆਹ ਵੇਖ ਲੈ ਸਰਾਭਿਆ

ਕਾਹਦੀ ਦੇਸ਼ ਦੀ ਅਜ਼ਾਦੀ
ਜਿੱਥੇ ਵੋਟ ਨਾ ਅਜ਼ਾਦ
ਬਸ ਕੁਰਸੀ ਦੇ ਲਈ
ਹੁੰਦੇ ਰਹਿੰਦੇ ਨੇ ਫ਼ਸਾਦ
ਕੀ ਤੋਂ ਕੀ ਹੋ ਗਿਆ
ਅੱਜ ਦੇਸ਼ ਪੰਜਾਬ ਤੇਰਾ
ਆਹ ਵੇਖ ਲੈ ਸਰਾਭਿਆ
ਟੁੱਟ ਗਿਆ ਖ਼ਾਬ ਤੇਰਾ।

ਤੇਰੀ ਸੋਚ ਤੋਂ ਬਗੈਰ
ਇੱਥੇ ਸਭ ਕੁੱਝ ਹੁੰਦਾ
ਖ਼ੂਨ ਆਪਣੇ ਦਾ ਦਿਲ ਹੀ
ਹੁਣ ਕਿੱਥੇ ਬੁੱਝ ਹੁੰਦਾ
ਸਤਲੁਜ ਤੇ ਬਿਆਸ ਤੋਂ
ਵੱਖ ਹੋ ਗਿਆ ਝਨਾਬ ਤੇਰਾ
ਆਹ ਵੇਖ ਲੈ ਸਰਾਭਿਆ
ਟੁੱਟ ਗਿਆ ਖ਼ਾਬ ਤੇਰਾ।

ਇੱਕ ਦੂਜੇ ਦੀ ਨਿੰਦਿਆ
ਕਰਦੀਆਂ ਰਹਿਣ ਸਰਕਾਰਾਂ
ਲੋਕਾਂ ਨਾਲ ਕੀ ਬੀਤਦੀ
ਕੋਈ ਨਾ ਲੈਂਦਾ ਸਾਰਾਂ
ਇੱਥੇ ਗੁਲਾਮੀਓਂ ਬੁਰੀਆਂ ਅਲਾਮਤਾਂ
ਬਾਕੀ ਰਹਿ ਗਿਆ ਹਿਸਾਬ ਤੇਰਾ
ਆਹ ਵੇਖ ਲੈ ਸਰਾਭਿਆ
ਟੁੱਟ ਗਿਆ ਖ਼ਾਬ ਤੇਰਾ।

ਬੇਰੁਜ਼ਗਾਰੀ ਨਸ਼ਾ ਗਰੀਬੀ
ਤੇ ਕਾਲੇ ਧਨ ਦੀਆਂ ਡਾਰਾਂ
ਵਤਨ ਤੇਰੇ ਦੇ ਖ਼ੂਨ ਨਾਲ ਚੱਲਣ

ਬੱਤੀ ਲਾਲ ਵਾਲੀਆਂ ਕਾਰਾਂ
ਨੋਟਾਂ ਅੱਗੇ ਖੁਦ ਨੂੰ ਭੁੱਲੇ
ਭੁੱਲ ਗਏ ਨੇ ਖ਼ਿਤਾਬ ਤੇਰਾ
ਆਹ ਵੇਖ ਲੈ ਸਰਾਭਿਆ
ਟੁੱਟ ਗਿਆ ਖ਼ਾਬ ਤੇਰਾ।

ਤਰੱਕੀ ਅਮੀਰਾਂ ਦੀ ਖ਼ਾਤਰ
ਹਰ ਸ਼ੈਅ ਦਾ ਵਪਾਰ ਕੀਤਾ
ਇਉਂ ਅਜ਼ਾਦ ਸੋਚ ਸਰਕਾਰਾਂ ਨੇ
ਹਰ ਕੰਮ ਹੀ ਅਪਾਰ ਕੀਤਾ
ਦਿੱਤੀ ਦੇਸ਼ ਲਈ ਕੁਰਬਾਨੀ ਦਾ
ਦੇਣਾ ਦੇਣ ਕੀ ਜਨਾਬ ਤੇਰਾ
ਆਹ ਵੇਖ ਲੈ ਸਰਾਭਿਆ
ਟੁੱਟ ਗਿਆ ਖ਼ਾਬ ਤੇਰਾ।

ਚਿੜੀਆਂ ਦਾ ਚੰਬਾ ਵੀ
ਹੁਣ ਹੌਂਕੇ ਜਿਹੇ ਭਰਦਾ
ਰੁਖ਼ ਨਵੀਂ ਪੀੜ੍ਹੀ ਦਾ
ਨਾ ਕੋਈ ਤੇਰੇ ਵੱਲ ਕਰਦਾ
ਸੋਚ ਅਜੇ ਨਾ ਪਹੁੰਚੀ ਉੱਥੇ
ਜਿੱਥੇ ਜ਼ਿਕਰ ਏ ਕਿਤਾਬ ਤੇਰਾ
ਆਹ ਵੇਖ ਲੈ ਸਰਾਭਿਆ
ਟੁੱਟ ਗਿਆ ਖ਼ਾਬ ਤੇਰਾ।

## ਸਿਰਨਾਵਾਂ ਜ਼ਿੰਦੜੀ ਦਾ

ਲੂ ਬਣੀ ਜਾਂ ਹਵਾ ਤੂੰ ਸੀਤ ਬਣੀ।
ਬਸ ਕਦੇ ਕਦੇ ਮੇਰਾ ਅਤੀਤ ਬਣੀ।

ਬਣ ਗਈ ਸਿਰਨਾਵਾਂ ਤੇਰੀ ਜ਼ਿੰਦੜੀ ਦਾ
ਨਿਭੇ ਜੋ ਜਨਮਾਂ ਤੱਕ ਉਹ ਰੀਤ ਬਣੀ।

ਜਿਨ੍ਹਾਂ ਹੰਝੂਆਂ 'ਚੋਂ ਲੋਕਾਂ ਦੀ ਪੀੜ ਦਿਸ ਪੈਂਦੀ
ਕਲਮਕਾਰਾਂ! ਤੂੰ ਉਹਨਾਂ ਦਾ ਮੀਤ ਬਣੀ।

ਕਿਸੇ ਭੈਣ ਦਾ ਦਿਲ ਜੋ ਟੁੰਬ ਜਾਂਦਾ ਹੋਵੇ
ਕੋਈ ਰੱਖੜੀ ਦੇ ਵਾਂਗੂੰ ਗੀਤ ਬਣੀ।

ਮਾਂ ਬੋਤ੍ਰ ਦੀ ਛਾਂ ਤੇ ਰੱਬ ਦੇ ਨਾਂ 'ਜਸ਼'
ਪੀਡੀ ਜੋ ਹੋਵੇ ਐਸੀ ਪ੍ਰੀਤ ਬਣੀ।

## ਉਮਰਾਂ ਦੀ ਪੀੜ

ਸਾਕ ਸੀ ਸੰਬੰਧ ਸੀ ਮਰੀ ਜ਼ਮੀਰ ਨਹੀਂ ਸੀ।
ਮੈਂ ਆਦਿ ਸੀ ਤੇਰਾ ਕੋਈ ਅਖ਼ੀਰ ਨਹੀਂ ਸੀ।

ਮੇਰਾ ਖ਼ਿਆਲ ਤੇਰੇ ਖ਼ਾਬ ਤੱਕ ਕਿਉਂ ਜੀ ਨਾ ਸਕਿਆ
ਰੂਹਾਂ ਦੀ ਗੁਫ਼ਤਗੂ 'ਚ ਹਾਜ਼ਰ ਸਰੀਰ ਨਹੀਂ ਸੀ।

ਹਰ ਸਾਹ ਨਾਲ ਤੈਨੂੰ ਯਾਦ ਕਰਦੀ ਏ ਮਾਂ
ਕੀ ਤੇਰੇ ਲਹੂ ਦੀ ਤਸੀਰ ਨਾਨਕ ਕਬੀਰ ਨਹੀਂ ਸੀ ?

ਖ਼ੂਨ ਆਪਣੇ ਨੂੰ ਛੱਡ ਇਉਂ ਤੁਰ ਨਹੀਂ ਜਾਈਦਾ
ਰਿਸ਼ਤਾ ਸੀ ਪੱਥਰ 'ਤੇ ਖਿੱਚੀ ਲਕੀਰ ਨਹੀਂ ਸੀ।

ਉਮਰਾਂ ਦੀ ਪੀੜਾ ਕਿਵੇਂ ਸਾਂਭ ਲੈਂਦਾ ਅੰਦਰ
ਇਹ ਦਿਲ ਮੇਰਾ ਏਨਾ ਵੀ ਅਮੀਰ ਨਹੀਂ ਸੀ।

# ਓਹਦੇ ਖ਼ਾਬ ਲਈ

ਮੈਂ ਜੋ ਹਾਂ ਜਿਵੇਂ ਹਾਂ ਮੈਨੂੰ ਓਹੋ ਜਿਹਾ ਰਹਿਣ ਦਿਓ।
ਮੇਰੇ ਸ਼ਬਦਾਂ ਜੋਗੇ ਦਰਦ ਨੂੰ ਨਜ਼ਮਾਂ ਰਾਹੀਂ ਕਹਿਣ ਦਿਓ।

ਬਹਿਰੇ ਕੰਨਾਂ ਕੋਲੋਂ ਪਰਤ ਕੇ ਇਹ ਆ ਜਾਂਦਾ ਵਾਪਸ
ਜੇ ਦਿਲ ਮੇਰਾ ਤਕਲੀਫ਼ ਦਿੰਦਾ ਤਾਂ ਮੈਨੂੰ ਹੀ ਸਹਿਣ ਦਿਓ।

ਆਪਣੇ ਹੌਂਸਲੇ ਦੇ ਕੱਖ ਹੀ ਤੁਸਾਂ ਸਾਂਭ ਕੇ ਰੱਖਣਾ
ਮੈਂ ਲੱਖ ਹੋ ਕੇ ਢਹਿੰਦਾ ਹਾਂ ਤਾਂ ਖੁਸ਼ੀ ਖੁਸ਼ੀ ਢਹਿਣ ਦਿਓ।

ਜਿਹਨਾਂ ਹਵਾਵਾਂ ਤੋਂ ਸਾਹ ਆਪਣੇ ਤੁਸੀਂ ਲੈ ਨਹੀਂ ਸਕਦੇ
ਮੇਰੇ ਨਾਲ ਉਹਨਾਂ 'ਵਾਵਾਂ ਨੂੰ ਚੁੱਪ ਕਰਕੇ ਖਹਿਣ ਦਿਓ।

ਓਹਦੇ ਖ਼ਾਬ ਲਈ ਮੈਂ ਸਜ ਗਿਆ ਖ਼ਾਬਾਂ ਦੇ ਟੁਕੜਿਆਂ 'ਚ
ਸੱਜਰੇ ਚਾਵਾਂ ਨੂੰ ਮੇਰੇ ਸੰਗ ਹੁਣ ਤਾਂ ਬਹਿਣ ਦਿਓ।

# ਸਨਮਾਨਾਂ ਦੇ ਵਪਾਰੀ

ਜ਼ਿੰਦਗੀ ਦਾ ਹਰ ਪਹਿਰ ਹਰਿਆ ਭਰਿਆ ਬਾਗ ਨਹੀਂ ਹੁੰਦਾ।
ਜੋ ਵਿਗਾੜੇ ਸੁਰ ਸਮਾਜ ਦੀ ਉਹ ਅਸਲ ਰਾਗ ਨਹੀਂ ਹੁੰਦਾ।

ਭੈਣ ਨਾਨਕੀ ਤੋਂ ਨਾਨਕ ਦੇ ਨੇਕ ਖ਼ਿਆਲਾਂ ਬਾਰੇ ਪੁੱਛੋ
ਚੱਲ ਜੰਗਲ ਦੇ ਰਾਹਾਂ ਤੇ ਕੋਈ ਤਿਆਗ ਨਹੀਂ ਹੁੰਦਾ।

ਈਰਖਾ ਦੇ ਜ਼ਹਿਰ ਦਾ ਡੰਗ ਸਦਾ ਬੰਦਾ ਹੀ ਮਾਰੇ
ਹਰ ਵਾਰ ਕੱਟਣ ਵਾਲਾ ਕੋਈ ਨਾਗ ਨਹੀਂ ਹੁੰਦਾ।

ਚਾਪਲੂਸੀ ਵੀ ਬੰਦੇ ਦੀ ਇੱਕ ਫ਼ਿਤਰਤ ਹੁੰਦੀ ਏ
ਇਹਦਾ ਫ਼ਲ ਚੰਗੀ ਲਗਨ ਜਾਂ ਭਾਗ ਨਹੀਂ ਹੁੰਦਾ।

ਸਨਮਾਨਾਂ ਦੇ ਵਪਾਰੀ ਵੀ ਕਵਿਤਾ ਲਿਖ ਲੈਂਦੇ ਨੇ
ਜਿਉਂ ਹਉਮੈਂ ਦੀ ਕਾਲਖ ਤੇ ਕੋਈ ਦਾਗ ਨਹੀਂ ਹੁੰਦਾ।

# ਮਾਂ ਦਾ ਰਿਸ਼ਤਾ

ਤੂੰ ਫੇਰ ਲਿਆ ਜੇ ਮਾਂ ਬੋਲੀ ਤੋਂ ਮੂੰਹ ਆਪਣਾ
ਭਾਵਾਂ ਭਰੀਆਂ ’ਵਾਵਾਂ ਨੂੰ ਵੀ ਤਰਸੇਂਗਾ।

ਚਕਾਚੌਂਧ ਦੇ ਰਾਹੇ ਪਏ ਪੰਜਾਬੀਆਂ ਓਏ
ਨਾਨਕ ਬੁੱਲ੍ਹੇ ਪੂਰਨ ਕੋਲ ਕਦ ਪਰਤੇਂਗਾ।

ਅੰਗਰੇਜ਼ੀ ਦੇ ਵਿੱਚ ਹਾਇ ਤੈਥੋਂ ਨੀ ਕਹਿ ਹੋਣਾ
ਦਿਲ ਜੇ ਰੋਇਆ ਦਿਲ ਦੇ ਵਿੱਚ ਹੀ ਤੜਫੇਂਗਾ।

ਘੜ ਤਰਤੀਬਾਂ ਬੈਠੇ ਮਾਲਕ ਦੁਨੀਆਂ ਦੇ
ਕਰ ਤਦਬੀਰਾਂ ਨਹੀਂ ਮਰਦਾ ਮਰਦਾ ਮਰਜੇਂਗਾ।

ਮਾਂ ਨਾਲ ਹੀ ਰਿਸ਼ਤੇ ਬਣਦੇ ਦੁਨੀਆਂ ’ਤੇ
ਦੂਰ ਪੰਜਾਬੀਓਂ ਹੋ ਕੇ ’ਕੱਲਾ ਭਟਕੇਂਗਾ।

## ਬਾਪੂ ਦੀਆਂ ਬਾਤਾਂ

ਅੱਜ ਜਦੋਂ
ਖੁਸ਼ਬੂ ਤੋਂ ਕੋਰੇ
ਕਾਗਜ਼ੀ ਫੁੱਲਾਂ ਦੇ ਸਨਮੁੱਖ
ਕੰਢਿਆਂ ਤੋਂ ਤਿੱਖੇ
ਦੋਗਲੇ ਲੋਕਾਂ ਦੇ ਸਨਮੁੱਖ
ਆਪਣੇਪਨ ਤੋਂ ਖਾਲੀ
'ਮਾਨਵੀ ਪੱਥਰਾਂ' ਦੇ ਸਨਮੁੱਖ
ਸਾਂਝ ਤੋਂ ਵਿਹੂਣੀ
ਹਉਮੈਂ ਦੇ ਸਨਮੁੱਖ
ਰੂਹ ਦੇ ਰਾਗ ਤੋਂ ਦੂਰ
ਰੌਲੇ ਰੱਪੇ ਦੇ ਸਨਮੁੱਖ
ਬਾਪੂ ਦੇ ਥਾਪੜੇ ਬਿਨ
ਭੱਜੀਆਂ ਬਾਹਾਂ ਦੇ ਸਨਮੁੱਖ
ਦੋ ਗ਼ਮਾਂ ਦੇ ਪਰਿੰਦਿਆਂ ਸੰਗ
ਤੇ ਇਕੱਲਤਾ ਦੇ ਸਨਮੁੱਖ
ਬੜੀ ਦੇਰ ਤੋਂ ਬੈਠੇ ਦਾ
ਦਿਲ ਭਰ ਆਉਂਦਾ ਏ
ਫਿਰ ਹੌਂਕੇ ਲੈਂਦਿਆਂ
ਬੜੀਆਂ ਚੇਤੇ ਆਉਂਦੀਆਂ ਨੇ
ਪਿਆਰੇ ਬਾਪੂ ਦੀਆਂ ਬਾਤਾਂ
ਵੱਡੇ ਬਾਪੂ ਦੀਆਂ ਬਾਤਾਂ
ਨਹੀਂ ਭੁੱਲਦੀਆਂ ਰੱਬਾ
ਉਹ ਰੌਣਕੀ ਰਾਤਾਂ
ਉਹ ਰੌਣਕੀ ਰਾਤਾਂ।

## ਧਰਮਾਂ ਦੀ ਸਾਂਝ

ਮਨੁੱਖਤਾ ਦੇ ਨੁਮਾਇੰਦੇ
ਸਰਬੱਤ ਦਾ ਭਲਾ
ਮੰਗਣ ਵਾਲੇ
ਪੰਜ ਕੱਕਾਰਾਂ ਵਾਲੇ
ਕਦੇ ਵੀ
ਹਊਮੈਂ ਦੇ ਨੁਮਾਇੰਦੇ
ਮੈਂ ਮੂਲਕਤਾ ਦੇ
ਚਾਹਵਾਨ
ਹਥਿਆਰਾਂ ਵਾਲੇ
ਨਹੀਂ ਹੋ ਸਕਦੇ
ਇਹ ਤਾਂ ਪਾਖੰਡ ਸਿਰਜਦੀਆਂ
ਝੂਠੀਆਂ ਤਸਵੀਰਾਂ ਨੇ
ਜਾਂ ਪਾਣੀ ਦੇ ਬੁਲਬੁਲੇ ਦੀ ਹੋਂਦ
ਕਿਉਂਕਿ ਸਿੱਖੀ ਤਾਂ
ਧਰਮਾਂ ਦੀ ਸਾਂਝ ਹੈ
ਤੇ ਸਾਂਝ ਕਦੇ
ਪਾਣੀ ਦਾ ਬੁਲਬਲਾ ਨਹੀਂ ਹੋ ਸਕਦੀ
ਇਹ ਤਾਂ ਅਮਰ ਹੈ
ਅਮਰ ਹੀ ਰਹੇਗੀ.....।

## ਖ਼ਿਆਲ ਤੇ ਖ਼ੁਸ਼ਬੂ

ਜੇ ਖ਼ਿਆਲਾਂ ਨੂੰ ਨਹੀਂ
ਪਾ ਸਕਦੇ ਹਾਂ ਬੰਧਨ
ਤਾਂ ਹਮੇਸ਼ਾ ਹੀ ਅਸੀਂ
ਆਪਣੇ ਬਾਰੇ
ਕਿਉਂ ਸੋਚਦੇ ਹਾਂ ?
ਜੇ ਖ਼ੁਸ਼ਬੂ ਨੂੰ ਕਦੇ
ਕੈਦ ਨਹੀਂ ਕਰ ਸਕਦੇ
ਤਾਂ ਹਮੇਸ਼ਾ ਹੀ ਅਸੀਂ
ਫੁੱਲਾਂ ਨੂੰ
ਕਿਉਂ ਤੋੜਦੇ ਹਾਂ ?
ਕਿਉਂ ਨਹੀਂ ਸਮਝਦੇ
ਖ਼ਿਆਲਾਂ ਨੂੰ
ਖ਼ੁਸ਼ਬੂ ਨੂੰ
ਖ਼ੁਦਗ਼ਰਜ਼ੀ ਦੀ
ਆਦਤ ਨਹੀਂ ਹੁੰਦੀ.....।

# ਰੁੱਤਾਂ

ਖੌਰੇ ਕਿੱਥੇ ਖੋ ਗਿਆ
ਉਸ ਮਾਂ ਦੇ ਖ਼ਾਬਾਂ ਦੀ
ਰੁੱਤ ਦਾ ਫੁੱਲ
ਪੱਤਾ ਪੱਤਝੜ ਦਾ
ਉਸ ਮਾਂ ਨੂੰ
ਅਤੀਤ ਦੇ ਭੁਲਾਵੇ
ਤੇ ਬਿਖਰਦੇ
ਭਵਿੱਖ ਸੰਗ ਵੇਖਦਾ
ਤਾਂ ਹੋਣੀ ਤੇ ਝੂਰਦਾ
ਆਹ ਭਰਦਾ ਪੁੱਛਦਾ ਏ
ਮਾਂ ਨੂੰ ਆਪਣਾ
ਦਰਜਾ ਦੇਣ ਵਾਲਿਆ
ਓ ਡਾਹਢਿਆ ਰੱਬਾ
ਸਵਰਗਾਂ ਦੀ ਸਿਰਜਕ
ਤੇਰਾ ਦੂਜਾ ਨਾਂ
ਪੁੱਤ ਬਿਨ ਜਿੰਦੜੀ ਰੁੱਤਾਂ ਦੀ
ਕਿਉਂ ਹੰਢਾਵੇ ਮਾਂ
ਕਿਉਂ ਹੰਢਾਵੇ ਮਾਂ ??

# ਕਵਿਤਾ ਦੇ ਦਰ ’ਤੇ

ਹੁਣ ਤਾਂ ਵਸਤਾਂ ਵਰਗੇ ਲੋਕ
ਤੇ ਲੋਕਾਂ ਜਿਹੀਆਂ ਵਸਤਾਂ ਨੇ
ਨਵੇਂ ਯੁੱਗ ਦੀਆਂ ਰਾਹਾਂ ਤੇ
ਹਫ਼ਦੇ-ਭੱਜਦੇ ਸਕੂਨ ਭਾਲਦੇ
‘ਘਰ’ ਤੋਂ ਸੱਖਣੇ ਲੋਕਾਂ ਨੇ
ਵਸਤਾਂ ਦੇ ਸੰਗ ਪਾਇਆ ਮੋਹ
ਤਪਦੇ ਖਪਦੇ ਮਨ ਦੀ
ਸਾਰ ਲਏ ਨਾ ਕੋਈ
ਕੋਈ ਨਾ ਲੈਂਦਾ ਟੋਹ
ਜਿੱਥੇ ਜਾ ਕੇ ਦਰਦ ਸੁਣਾਈਏ
ਖੁਸ਼ੀਆਂ ਦੀ ਕੋਈ ਬਾਤ ਬਣਾਈਏ
ਐਸਾ ਕੋਈ ਦਰ ਨਹੀਂ ਤਾਂ
ਐ ਕਵਿਤਾ ਤੇਰਾ ਦਰ ਤਾਂ ਹੈ
ਕੁੱਝ ਪਲ ਜਿਉਣ ਜੋਗਾ
ਰੱਬ ਦਾ ਡਰ ਤਾਂ ਹੈ.....।

## ਮਿੱਠਾ ਜ਼ਹਿਰ

ਪਹੁ ਫੁੱਟਦੀ ਏ
ਦਿਨ ਚੜ੍ਹਦਾ ਏ
ਕਈ ਤੁਰ ਪੈਂਦੇ
ਜ਼ਿੰਦਗੀ ਢੋਣ ਲਈ
ਕੁੱਝ ਚੱਲ ਪੈਂਦੇ
ਜ਼ਿੰਦਗੀ ਜਿਉਣ ਲਈ
ਇਉਂ ਜ਼ਿੰਦਗੀ ਜਿਉਂਦੇ
ਕੁੱਝ ਲੋਕਾਂ ਨੂੰ ਵੇਖ
ਕਈਆਂ ਦੇ ਦਿਲ 'ਚ ਵੀ
ਸੁਪਨੇ ਪਨਪਦੇ ਨੇ
ਫਿਰ ਕਿਸੇ ਨਾ ਕਿਸੇ
ਮਿੱਠੇ ਜ਼ਹਿਰ ਨਾਲ
ਨਵ ਜਨਮੇ ਸੁਪਨਿਆਂ ਦੇ ਸਾਹ
ਨਵ ਜਨਮੀ ਧੀ ਦੇ ਸਾਹਾਂ ਵਾਂਗ
ਘੁੱਟ ਦਿੱਤੇ ਜਾਂਦੇ ਨੇ
ਇੰਝ ਕਈਆਂ ਦੀ ਸਵੇਰ ਨੂੰ
ਕੁੱਝ ਲੋਕ
ਢਲਦੀਆਂ ਸ਼ਾਮਾਂ 'ਚ
ਬਦਲਦੇ ਰਹੇ ਨੇ
ਜਾਂ ਸ਼ਾਇਦ
ਬਦਲਦੇ ਰਹਿਣਗੇ।

# ਮੈਂ ਕਵਿਤਾ ਕਦੋਂ ਪੜ੍ਹਾਂਗਾ

ਕਹਿੰਦੇ ਸੀ
ਮੇਰੇ ਬਾਪੂ ਦੇ ਬਾਪੂ
ਭੈਣਾਂ ਦੂਜੀਆਂ ਮਾਵਾਂ ਹੁੰਦੀਆਂ
ਆਪਣਿਆਂ ਦਾ ਗ਼ਮ ਭਰਦੀਆਂ
ਪਵਿੱਤਰ ਜਿਹੀਆਂ ਥਾਵਾਂ ਹੁੰਦੀਆਂ
ਤੇ ਹਾਂ ਪੁੱਤ!
ਪੜ੍ਹਨ ਵਾਲੇ ਹੁੰਦੇ ਨੇ
ਭੈਣਾਂ ਦੀ ਚੁੱਪ ਦੇ ਸ਼ਬਦ
ਖਾਮੋਸ਼ ਅੱਖਾਂ ਨਾਲ
ਮੋਹ ਭਿੱਜੀ ਰੂਹ ਨਾਲ
ਮੈਂ ਉਡੀਕਣ ਲੱਗਾ ਤੈਨੂੰ
ਤੇਰੇ ਮੋਹ ਦੇ ਖਿਡੌਣਿਆਂ ਨੂੰ
ਤੇਰੇ ਖਿੜਖਿੜਾਉਂਦੇ ਹਾਸਿਆਂ ਨੂੰ
ਤੇਰੇ ਮਾਂ ਵਰਗੇ ਪਿਆਰ ਨੂੰ
ਤੂੰ ਆਈ
ਤਾਂ ਤੈਨੂੰ ਅੰਤਿਮ ਸਾਹ ਲੈ ਗਏ
ਮੇਰੀ ਉਡੀਕ
ਕਦੇ ਖ਼ਤਮ ਨਾ ਹੋਈ.....
ਐ ਬਚਪਨੋਂ ਵਿਛੜੀ
ਮੇਰੀ ਭੈਣ
ਦੱਸ ਤੈਥੋਂ ਬਿਨਾ
ਮੈਂ ਕਿੱਥੇ ਸਿੱਜਦਾ ਕਰਾਂਗਾ
ਮੈਂ ਕਵਿਤਾ ਕਦੋਂ ਪੜ੍ਹਾਂਗਾ ???

# ਬਾਪੂ ਵੀ ਤਾਂ ਰੱਬ ਹੁੰਦੇ ਨੇ

ਦੁਨੀਆਂ ਦੀਆਂ ਤੱਤੀਆਂ 'ਵਾਵਾਂ ਤੋਂ
ਜ਼ਿੰਦਗੀ ਦੇ ਔਝੜ ਰਾਹਵਾਂ ਤੋਂ
ਟੁੱਕ ਖੋਹਦਿਆਂ ਕਾਵਾਂ ਤੋਂ
ਗ਼ਮਾਂ ਜਿਹੇ ਕੁੱਝ ਚਾਵਾਂ ਤੋਂ
ਬੁਰੀਆਂ ਅਨੇਕ ਬਲਾਵਾਂ ਤੋਂ
ਨੀਲੀ ਛੱਤਰੀ ਕਰਕੇ ਰੱਖੇ
ਜਿਗਰ ਹੌਂਸਲਾ ਭਰਕੇ ਰੱਖੇ
ਬਾਪੂ ਨਾਲ ਹੀ ਸਿਖ਼ਰਾਂ ਰੱਬਾ
ਬਾਪੂ ਨਾਲ ਨਾ ਫ਼ਿਕਰਾਂ ਰੱਬਾ
ਜੁਗ-ਜੁਗ ਜੀਵੇ ਮੇਰਾ ਬਾਪੂ
ਕਾਅਬਾ ਬਣ ਜੇ ਉਹੀ ਥਾਂ
ਜਿੱਥੇ ਥੀਵੇ ਮੇਰਾ ਬਾਪੂ
ਧੀ-ਪੁੱਤਰਾਂ ਲਈ ਛੱਤ ਹੁੰਦੇ ਨੇ
ਘਰ ਦੀ ਸਿਆਣੀ ਸੱਥ ਹੁੰਦੇ ਨੇ
ਬਾਪੂ ਵੀ ਤਾਂ ਰੱਬ ਹੁੰਦੇ ਨੇ
ਬਾਪੂ ਵੀ ਤਾਂ ਰੱਬ ਹੁੰਦੇ ਨੇ।

# ਅਸੀਂ ਕਿੰਨੇ ਖ਼ਾਮੋਸ਼ ਹਾਂ

ਸਫ਼ਰ-ਦਰ-ਸਫ਼ਰ
ਤਹਿ ਕਰਦੇ ਹੋਏ ਜ਼ਿੰਦਗੀ
ਅਸੀਂ ਕਿੰਨੇ ਖ਼ਾਮੋਸ਼ ਹਾਂ
ਆਪਣੇ-ਆਪਣੇ ਸੱਚ ਤੋਂ
ਬਿਖਰੇ-ਬਿਖਰੇ ਪੰਨਿਆਂ 'ਚ
ਜ਼ਿੰਦਗੀ ਦੀ ਕਿਤਾਬ ਤੋਂ
ਆਪੇ ਨੂੰ ਸਮੇਟਦੇ
ਸਕੂਨ ਦੀ ਤਲਾਸ਼ ਵਾਲੇ
ਸਵਾਲ ਦੇ ਜਵਾਬ ਤੋਂ
ਚਕਾਚੌਂਧ 'ਚ ਗੁਆਚੀ
ਰੂਹ ਦੀ ਰਬਾਬ ਤੋਂ
ਅਸੀਂ ਕਿੰਨੇ ਖ਼ਾਮੋਸ਼ ਹਾਂ
ਜ਼ਿੰਦਗੀ ਦੇ ਖ਼ੁਆਬ ਤੋਂ.....!!!

# ਸੋਚਾਂ ਦਾ ਪੰਛੀ

ਰੁੱਖਾਂ ਨੂੰ
ਪੱਤਿਆਂ ਨੂੰ
ਉਹਦੀ ਜਦ ਵੀ ਉਡੀਕ ਹੁੰਦੀ
ਵਕਤਾਂ ਦੇ
ਜ਼ਖ਼ਮਾਂ ਨੂੰ
ਭਰੇ ਜਾਣ ਦੀ ਉਮੀਦ ਹੁੰਦੀ
ਉਹ ਜਿਹਲਮ ਝਨਾਬ ਬਾਰੇ ਸੋਚਦਾ
ਸਤਲੁਜ ਬਿਆਸ ਨੂੰ ਪਾਰ ਕਰ
ਰਾਵੀ ਕੰਢੇ ਪਹੁੰਚਦਾ
'ਵਾਵਾਂ ਦਾ ਭੰਨਿਆ
ਪਾਣੀ ਉਹ ਪੀਂਦਾ
ਫਿਰ ਰੁੱਖਾਂ ਸੰਗ
ਪੱਤਿਆਂ ਸੰਗ
ਕੁੱਝ ਪਲ ਜ਼ਿੰਦਗੀ ਜੀਂਦਾ
ਜਿਵੇਂ ਹੱਦਾਂ ਦਾ ਕੈਦੀ
ਜ਼ਿਮੀਂ ਆਕਾਸ਼ ਦੇ
ਦੁਮੇਲ ਨੂੰ ਵੇਖਦਾ
ਇਉਂ ਸੋਚਾਂ ਦਾ ਪੰਛੀ
ਸਾਂਝੀ ਧੁੱਪ ਦੀਆਂ
ਕੁੱਝ ਯਾਦਾਂ ਸੇਕਦਾ।

# ਰਸਤੇ ਮੰਜ਼ਿਲ ਦੇ

ਰਸਤੇ ਬਣ ਹੀ ਜਾਂਦੇ ਨੇ
ਹੋਵੇ ਜੇ ਕਦਮਾਂ 'ਚ ਰਵਾਨਗੀ।
ਨੇਕ ਹੋਣ ਜੇ ਇਰਾਦੇ ਤਾਂ
ਮੰਜ਼ਿਲ ਦਿੰਦੀ ਏ ਪ੍ਰਵਾਨਗੀ।
ਬੇਗਾਨਾਪਨ ਜੇ ਬੀਜੋਗੇ
ਕੋਮਲ ਮਨ ਦੀ ਮਿੱਟੀ ਵਿੱਚ
ਮੋਹ ਤੋਂ ਕੋਰੀ ਉੱਗੇਗੀ
ਫਿਰ ਮੌਲੇਗੀ ਬੇਗਾਨਗੀ।
ਮੰਜ਼ਿਲ ਦੀ ਥਾਹ ਤੋਂ ਪਹਿਲਾਂ
ਤੇ ਮਨ ਦੀ ਲਗਨ ਬਿਨਾ
ਪਾਣੀ ਪਿਆਸ ਜੇ ਬੁਝਾ ਗਿਆ
ਕਿਸ ਕੰਮ ਦੀ ਦੀਵਾਨਗੀ।
ਦੂਰ ਜ਼ਿੰਦਗੀ ਤੋਂ ਹੁੰਦੀ
ਨਾਲੇ ਭਾਵਾਂ ਤੋਂ ਵੀ ਕੋਰੀ
ਇਹ ਸੱਖਣੀ ਮਨੁੱਖਤਾ ਤੋਂ
ਰਹੂ ਕਦ ਤੱਕ ਸ਼ੈਤਾਨਗੀ।
ਇੱਕ ਰੱਬ ਤੇ ਯਕੀਨ ਹੋਵੇ
ਦੂਜਾ ਦਿਲ ਹੋਵੇ ਸਾਫ਼
ਖ਼ੌਫ਼ ਪਿਆਰ ਤੇ ਗਿਆਨ ਨਾਲ
ਪਾ ਲੈ ਰੂਹ ਦੀ ਰੂਹਾਨਗੀ।

## ਮਾਂ ਦੀਆਂ ਯਾਦਾਂ

ਮਾਂ ਦਾ ਦਰਜਾ
ਰੱਬ ਦਾ ਦਰਜਾ
ਮਾਂ ਤਾਂ ਹੁੰਦੀ ਇੱਕ ਦਰਿਆ ਹੈ
ਦਰਿਆ ਮਮਤਾ ਭਰਿਆ ਹੈ
ਮਾਂ ਜੁਗ-ਜੁਗ ਜਿਉਂਦੀ ਰਹੇ
ਇਹ ਮੇਰੀਆਂ ਮੁਰਾਦਾਂ ਨੇ
ਸਦਾ ਰਹਿਣੀਆਂ ਮਨ ਅੰਦਰ
ਇਹ ਮੇਰੀ ਮਾਂ ਦੀਆਂ ਯਾਦਾਂ ਨੇ।
ਮਾਂ ਨਾਲ ਹੁੰਦੀ
ਫ਼ਿਕਰ ਨਾ ਕੋਈ
ਮਾਂ ਜੋ ਕਰਦੀ
ਲਗਦਾ ਚੰਗਾ ਸੋਈ
ਮਾਂ ਨਾਲ ਬਣੀ ਪ੍ਰੀਤ ਰਹੇ
ਇਹ ਮੇਰੀਆਂ ਮੁਰਾਦਾਂ ਨੇ
ਸਦਾ ਰਹਿਣੀਆਂ ਮਨ ਅੰਦਰ
ਇਹ ਮੇਰੀ ਮਾਂ ਦੀਆਂ ਯਾਦਾਂ ਨੇ।
ਮਾਂ ਜੋ ਰੁੱਖ ਹੈ
ਮੈਂ ਉਸ ਦੀ ਸ਼ਾਖ ਬਣਾ
ਕੋਈ ਆਵੇ ਹਨੇਰੀ
ਮੈਂ ਹੋ ਨਾਲ ਖੜਾ
ਇਸ ਰੁੱਖ ਦਾ ਸੁੱਖ ਵੀ ਸਭ ਨੂੰ ਮਿਲੇ
ਇਹ ਮੇਰੀਆਂ ਮੁਰਾਦਾਂ ਨੇ
ਸਦਾ ਰਹਿਣੀਆਂ ਮਨ ਅੰਦਰ
ਇਹ ਮੇਰੀ ਮਾਂ ਦੀਆਂ ਯਾਦਾਂ ਨੇ।
ਮਾਂ ਦੀਆਂ ਝਿੜਕਾਂ
ਗੁੜ ਤੋਂ ਮਿੱਠੀਆਂ
ਜ਼ਿੰਦਗੀ ਦੇ ਨਾਂ
ਜ਼ੁਬਾਨੀ ਚਿੱਠੀਆਂ
ਇਹ ਚਿੱਠੀਆਂ ਹਰ ਕੋਈ ਪੜ੍ਹਦਾ ਰਹੇ

ਇਹ ਮੇਰੀਆਂ ਮੁਰਾਦਾਂ ਨੇ
ਸਦਾ ਰਹਿਣੀਆਂ ਮਨ ਅੰਦਰ
ਇਹ ਮੇਰੀ ਮਾਂ ਦੀਆਂ ਯਾਦਾਂ ਨੇ।
ਦਿਲ ਦੀਆਂ ਪਰਤਾਂ
ਰੂਹ ਦੀਆਂ ਤਨਜ਼ਾਂ
ਚੁੱਪ ਵਿੱਚੋਂ ਵੀ ਜਾਣੇ
ਮਾਂ ਮੇਰੀਆਂ ਰਮਜ਼ਾਂ
ਇਹ ਰਮਜ਼ਾਂ ਦੀ ਮਾਲਕ ਮਾਂ ਹੀ ਰਹੇ
ਇਹ ਮੇਰੀਆਂ ਮੁਰਾਦਾਂ ਨੇ
ਸਦਾ ਰਹਿਣੀਆਂ ਮਨ ਅੰਦਰ
ਇਹ ਮੇਰੀ ਮਾਂ ਦੀਆਂ ਯਾਦਾਂ ਨੇ।
ਅੱਖ ਦਾ ਤਾਰਾ
ਬਹੁਤ ਪਿਆਰਾ
ਮਾਂ ਇਹ ਵੀ ਕਹਿੰਦੀ
ਤੂੰ ਜਗ ਤੋਂ ਨਿਆਰਾ
ਹੱਥ ਮਾਂ ਦਾ ਸਿਰ ਤੇ ਰਹੇ
ਇਹ ਮੇਰੀਆਂ ਮੁਰਾਦਾਂ ਨੇ
ਸਦਾ ਰਹਿਣੀਆਂ ਮਨ ਅੰਦਰ
ਇਹ ਮੇਰੀ ਮਾਂ ਦੀਆਂ ਯਾਦਾਂ ਨੇ।

# ਕੀ ਖ਼ੁਆਬ ਦੇ ਕੇ ਜਾਈਏ

ਜਗਦੀ ਸ਼ਮ੍ਹਾਂ ਦੇ ਪਰਵਾਨੇ
ਗਾਈਏ ਆਜ਼ਾਦੀ ਦੇ ਤਰਾਨੇ
ਭਲਾ ਰੱਤ ਪੀਣ ਦੀ ਆਦਤ
ਕਿਉਂ ਤੇਰੇ ਸੁਰਖ਼ ਹੋਂਠਾਂ ਨੂੰ।
ਭੁੱਲੇ ਕੁਰਬਾਨ ਜਾਨਾਂ ਨੂੰ
ਇਹ ਤਖ਼ਤੋਤਾਜ਼ ਕੀ ਤੇਰਾ
ਫ਼ਰਜ਼ਾਂ ਨੂੰ ਰੱਖ ਪਾਸੇ
ਰਹੇ ਗਿਣਦੀ ਵੋਟਾਂ ਨੂੰ।
ਤੇਰੇ ਵਾਅਦੇ ਤਾਂ ਸਰਕਾਰੇ
ਅਨੁਵਾਦ ਹੋਏ ਲਾਰੇ ਨੇ
ਤੇਰਾ ਖ਼ਾਕ ਸੀ ਇਰਾਦਾ
ਮੁਕਾਉਣਾ ਭ੍ਰਿਸ਼ਟ ਜੋਕਾਂ ਨੂੰ।
ਹੰਢਾ ਬਹੁਤ ਚੁੱਕੇ ਹਾਂ
ਇਹਨਾਂ ਸਬਜ਼ਬਾਗਾਂ ਨੂੰ
ਜ਼ਖਮਾਂ ਦਾ ਜਵਾਬ ਚਾਹੀਦੈ
ਭਖ਼ਦੇ ਦਗ਼ਦੇ ਲੋਕਾਂ ਨੂੰ।
ਇਤਿਹਾਸ ਆਪੈ ਬਣ ਜਾਂਦੈ
ਸਾਡੇ ਹੌਂਸਲੇ ਅੱਗੇ
ਬਸ ਇਨਸਾਫ਼ ਚਾਹੀਦੈ
ਨਹੀਂ ਅਹਿਸਾਨ ਲੋਕਾਂ ਨੂੰ।
ਜਿਨ੍ਹਾਂ ਦੀ ਫ਼ਿਤਰਤ ਨਹੀਂ ਹੁੰਦੀ
ਮਰਨਾ ਅਸੀਂ ਵੀ ਇੱਕ ਦਿਨ
ਮਰ ਉਹ ਵੀ ਜਾਂਦੇ ਨੇ
ਭਰਦੇ-ਭਰਦੇ ਨੋਟਾਂ ਨੂੰ।
ਛੱਡ ਕੁਰਸੀ ਜਾਂ ਕਰ ਫ਼ੈਸਲਾ ਹੱਕ ਦਾ
ਪਰਿੰਦੇ ਹਾਂ ਲੈ ਜਾਲ ਉੱਡਣ ਵਾਲੇ
ਦੱਸ ਕੀ ਖ਼ੁਆਬ ਦੇ ਕੇ ਜਾਈਏ
ਅਸੀਂ ਹੁਣ ਆਪਣੇ ਬੋਟਾਂ ਨੂੰ।

# ਸਵੇਰ

ਮੈਂ ਵੀ
ਜ਼ਿੰਦਗੀ ਦੀ ਸਵੇਰ ਦਾ
ਪਹਿਲਾ ਪੰਨਾ ਹਾਂ
ਕੀ ਹੋਇਆ
ਜੇ ਮੇਰੀ ਮਾਂ
ਮੈਨੂੰ ਸਕੂਲ ਭੇਜਣ ਲਈ
ਨਹੀਂ ਉਠਾਉਂਦੀ
ਕੀ ਹੋਇਆ
ਜੇ ਮੇਰਾ ਬਾਪੂ
ਆਪਣੇ ਪੜ੍ਹਨ ਦਾ ਸੁਪਨਾ
ਮੇਰੀ ਜ਼ਿੰਦਗੀ 'ਚੋਂ
ਨਹੀਂ ਵੇਖ ਸਕਿਆ
ਕੀ ਹੋਇਆ
ਜੇ ਮੈਂ
ਅਧਿਆਪਕ ਦੀ ਬਜਾਏ
ਦੁਕਾਨ ਮਾਲਕ ਦੀਆਂ
ਝਿੜਕਾਂ ਸੁਣਦਾ ਹਾਂ
ਕੀ ਹੋਇਆ
ਮੇਰੇ ਹੱਥ ਕਿਤਾਬਾਂ ਨਹੀਂ
ਇਮਤਿਹਾਨਾਂ ਦਾ ਫ਼ਿਕਰ ਨਹੀਂ
ਤੇ ਮੈਂ ਵੱਡਾ ਹੋ ਕੇ
ਡਿਗਰੀਆਂ ਨਹੀਂ ਲਵਾਂਗਾ
ਪਰ
ਮੈਂ ਜ਼ਿੰਦਗੀ ਦੇ
ਹਾਲਾਤਾਂ ਨਾਲ ਤਾਂ ਲੜਦਾ
ਇੱਕ ਆਮ ਇਨਸਾਨ ਵਾਂਗ
ਸੰਘਰਸ਼ ਤਾਂ ਕਰਦਾ
ਭਾਵੇਂ ਵੱਖਰੇ ਹੀ ਸਹੀ
ਸੁਪਨੇ ਤਾਂ ਮੈਂ ਵੀ ਸਿਰਜਦਾ

ਹੌਂਸਲਾ ਰੱਖ
ਮੁਸ਼ਕਲਾਂ ਨਾਲ
ਦੋ-ਚਾਰ ਮੈਂ ਵੀ ਹੁੰਦਾ
ਮੈਂ ਵੀ ਸਵੇਰ ਦਾ ਆਗ਼ਾਜ਼ ਹਾਂ
ਮੈਂ ਵੀ ਪਿਉ ਦਾ ਸਹਾਰਾ ਹਾਂ
ਮੈਂ ਵੀ ਜ਼ਿੰਦਗੀ ਦੀ ਸਵੇਰ ਦਾ
ਪਹਿਲਾ ਪੰਨਾ ਹਾਂ......।

## ਧੀਆਂ

ਪੁੱਤੋਂ ਵੱਧ ਕੇ ਬਾਹਾਂ ਹੁੰਦੀਆਂ।
ਧੀਆਂ ਨੇਕ ਸਲਾਹਾਂ ਹੁੰਦੀਆਂ।

ਮੁੱਖ ਤੇ ਭਾਵੇਂ ਰੌਣਕ ਹੁੰਦੀ
ਦਿਲ ਵਿੱਚ ਭਰੀਆਂ ਆਹਾਂ ਹੁੰਦੀਆਂ।

ਤਕਦੀਰ ਧੀਆਂ ਦੀ ਬੁਰੀ ਨਹੀਂ ਏ
ਬੁਰੀਆਂ ਲੋਕ ਨਿਗਾਹਾਂ ਹੁੰਦੀਆਂ।

ਧੁੱਪਾਂ ਜ਼ਰ ਕੇ ਛਾਵਾਂ ਦਿੰਦੀਆਂ
ਇਹ ਵੀ ਤਾਂ ਪਨਾਹਾਂ ਹੁੰਦੀਆਂ।

ਸਜਦਾ ਕਰਿਓ ਐ ਦੁਨੀਆਦਾਰੋ
ਰੱਬ ਦੇ ਘਰ ਦੀਆਂ ਰਾਹਾਂ ਹੁੰਦੀਆਂ।

## ਦਖ਼ਲ

ਮੇਰਾ ਦਖ਼ਲ
ਜ਼ਿੰਦਗੀ ਬਣਦਾ ਏ ਤੇਰੀ
ਤੇਰਾ ਦਖ਼ਲ
ਤਬਾਹੀ ਬਣਦਾ ਏ ਮੇਰੀ
ਆਖ਼ਰ ਕਦੋਂ ਤੱਕ
ਮੇਰੀ ਤਬਾਹੀ ਦੇ ਓਹਲੇ
ਕਰਦਾ ਰਹੇਂਗਾ ਤਬਾਹ
ਆਪਣੇ ਆਪ ਨੂੰ
ਯਾਦ ਰੱਖ
ਤੇਰੀ ਇਹ ਜਰੂਰਤ ਨਹੀਂ
ਮੂਰਖਤਾ ਏ
ਕਦੇ ਮੂਲੋਂ ਨਹੀਂ ਟੁੱਟ ਜਾਈਦਾ
ਆਧੁਨਿਕ ਮਨੁੱਖ ਬਣ
ਸਵੈ ਕੇਂਦਰਿਤ ਹੋ
ਆਪਣੇ ਆਦਿ ਨੂੰ, ਅੰਤ ਨੂੰ
ਨਹੀਂ ਭੁੱਲ ਜਾਈਦਾ
ਫਿਟਕਾਰੇ ਨਾ ਤੈਨੂੰ ਤੇਰੀ ਨਸਲ
ਬਿਨ ਕੁਦਰਤ ਨਹੀਂ ਹੋਣਾ
ਤੇਰਾ ਕੋਈ ਅਸਲ
ਬਿਨ ਔਰਤ ਨਹੀਂ ਹੋਣਾ
ਤੇਰਾ ਕੋਈ ਅਸਲ।

## ਅਰਜ਼

ਕੁਦਰਤ ਦੇ ਨਾਲ ਤੂੰ
ਪਾ ਲੈ ਸਾਂਝ ਦਿਲਾ
ਆਵੇ ਮੌਤ ਬਰੂਹਾਂ ਤੇ
ਤਾਂ ਵੀ ਸਤਿਕਾਰ ਕਰ।
ਮੰਨਿਆ ਦਿਲ ਵਿੱਚ
ਸ਼ਿੱਦਤ ਦੀ ਤੜਫ਼ ਏ
ਮੁਸਕਾਨ ਨੂੰ ਨਾ
ਚਿਹਰੇ ਤੇ ਖੁਆਰ ਕਰ।
ਮੁੱਖੜੇ ਤੇ ਲੈ ਆ
ਫੁੱਲਾਂ ਜਿਹਾ ਖੇੜਾ
ਖ਼ਿਆਲਾਂ ਦੀ ਉਦਾਸੀ ਨੂੰ
ਭਾਵੇਂ ਬੇਸ਼ੁਮਾਰ ਕਰ।
ਤੜਫ਼ ਰੱਖ ਲੈ ਦੋਸਤਾਂ
ਦਿਲ 'ਚ ਭਾਵੇਂ
ਲਿਸ਼ਕਦੇ ਹੰਝੂਆਂ ਤੋਂ
ਸੁਪਨੇ ਤਿਆਰ ਕਰ।
ਆਪਣੀ ਖੁਦੀ 'ਚ ਬਣ
ਇੱਕ ਤੋਂ ਅਨੇਕ
ਇਹ ਅਰਜ਼ ਸਦਾ
ਖ਼ੁਦਾ ਦੇ ਦੁਆਰ ਕਰ।

## ਦੇ ਦੇ ਕੋਈ ਟਿਕਾਣਾ

ਦੇ ਦੇ ਕੋਈ ਟਿਕਾਣਾ ਮਾਲਕਾ
ਦੇ ਦੇ ਕੋਈ ਟਿਕਾਣਾ
ਤਿੜਕੇ ਸੁਪਨੇ ਝੋਲੀ ਪਾ ਦੇ
ਨਾਲੇ ਮਿੱਠਾ ਭਾਣਾ
ਦੇ ਦੇ ਕੋਈ ਟਿਕਾਣਾ।
ਹੰਝੂਆਂ ਦੀ ਬਲਟੋਹੀ ਵਿੱਚੋਂ
ਭਰ ਦੇ ਮੈਨੂੰ ਡੋਲ
ਢਿੱਡ ਮੇਰੇ ਨੂੰ ਗ਼ਮ ਦਾ ਟੁੱਕਰ
ਬਸ ਏਨਾ ਕੁਝ ਹੀ ਕੋਲ
ਕੋਈ ਨਾ ਜਾਣੇ ਮੈਨੂੰ
ਤੇ ਮੈਂ ਆਪਣਾ ਪੰਧ ਸਿਆਣਾ
ਦੇ ਦੇ ਕੋਈ ਟਿਕਾਣਾ
ਤਿੜਕੇ ਸੁਪਨੇ ਝੋਲੀ ਪਾ ਦੇ
ਨਾਲੇ ਮਿੱਠਾ ਭਾਣਾ
ਦੇ ਦੇ ਕੋਈ ਟਿਕਾਣਾ।
ਚਾਵਾਂ ਰੁੱਤੀਂ ਭੈਣ ਮੋਈ
ਖੇਡਣ ਰੁੱਤੀਂ ਵੀਰ
ਇੰਝ ਬਚਪਨ ਦੀ ਰੁੱਤ ਬੀਤ ਗਈ
ਅੱਖੀਂ ਭਰਿਆ ਨੀਰ
ਦਿਲ ਝੱਲਾ ਰਹਿ ਗਿਆ 'ਕੱਲਾ
ਹੁਣ ਜੀਵੇ ਕਿੰਝ ਨਿਮਾਣਾ
ਦੇ ਦੇ ਕੋਈ ਟਿਕਾਣਾ
ਤਿੜਕੇ ਸੁਪਨੇ ਝੋਲੀ ਪਾ ਦੇ
ਨਾਲੇ ਮਿੱਠਾ ਭਾਣਾ
ਦੇ ਦੇ ਕੋਈ ਟਿਕਾਣਾ।
ਏਸ ਟਿਕਾਣੇ ਆਵੇ ਚੜ੍ਹ ਕੇ
ਰੱਬਾ! ਪੀੜਾਂ ਦੀ ਘਨਘੋਰ
ਮੈਂ ਤੇ ਮੇਰਾ ਦੁਖੜਾ ਰੋਈਏ
ਹੋਰ ਨਾ ਕੋਈ ਸ਼ੋਰ

ਠੰਢੇ ਠੰਢੇ ਹੌਂਕੇ ਭਰਕੇ
ਇਕਲਾਪੇ ਨੂੰ ਮਾਣਾ
ਦੇ ਦੇ ਕੋਈ ਟਿਕਾਣਾ
ਤਿੜਕੇ ਸੁਪਨੇ ਝੋਲੀ ਪਾ ਦੇ
ਨਾਲੇ ਮਿੱਠਾ ਭਾਣਾ
ਦੇ ਦੇ ਕੋਈ ਟਿਕਾਣਾ।

# ਖ਼ੈਰ

ਜਿਉਂਦੇ ਤਾਂ ਅਸੀਂ ਵੀ ਹਾਂ
ਸਾਰੀ ਦੁਨੀਆਂ ਦੇ ਜਿਉਣ ਵਾਂਗ
ਸੌਂਦੇ ਜਾਗਦੇ
ਖਾਂਦੇ ਪੀਂਦੇ
ਤੇ ਹਵਾ ਸੰਗ ਖ਼ੁਆਬ
ਅਸੀਂ ਵੀ ਦੇਖਦੇ ਹਾਂ।
ਪਰ ਅਸੀਂ ਮਰ ਕੇ ਵੀ
ਸਰਬੱਤ ਦਾ ਭਲਾ
ਲੋਚਦੇ ਹਾਂ
ਅਸੀਂ ਨਹੀਂ ਮੰਨਦੇ
ਕਿ ਇਨਸਾਨ ਕੁਦਰਤ ਦੀ
ਮਹਾਨ ਰਚਨਾ ਏ.....।
ਹੇ ਰੱਬਾ!!
ਤੂੰ ਸਾਨੂੰ ਖ਼ੈਰ ਦੇਹ
ਇਨਸਾਨੀ ਜ਼ਿੰਦਗੀ ਵਰਗੀ
ਅਸੀਂ ਰੁੱਖ
ਦਸਾਂ ਨਹੁੰਆਂ ਦੀ
ਕਿਰਤ ਕਰ
ਕਮਾਵਾਂਗੇ ਤੇ ਖਾਵਾਂਗੇ।
ਵੰਡ ਕੇ ਜ਼ਿੰਦਗੀ
ਤੇ ਜ਼ਿੰਦਗੀ ਦੀਆਂ ਨਿਆਮਤਾਂ ਨੂੰ
ਤੇਰੀ ਬਖ਼ਸ਼ ਦੀ
ਤੇਰੀ ਖ਼ੈਰ ਦੀ
ਤੇਰੀ ਆਸ ਦੀ
ਇੱਜ਼ਤ ਕਰਾਂਗੇ।

## ਵਾਪਸੀ

ਜ਼ਿੰਦਗੀ ਨੂੰ
ਖ਼ਾਬਾਂ ਦੀ ਖਿੜਕੀ 'ਚੋਂ
ਵੇਖਣ ਵਾਲਾ
ਉਹ ਇਨਸਾਨ
ਉਦਾਸੀ ਦੀਆਂ
ਚੁੰਧਿਆਈਆਂ ਅੱਖਾਂ ਨੂੰ ਮਲਦਾ ਏ
ਤੇਲ ਮੁੱਕੇ ਦੀਵੇ ਵਾਂਗੂੰ
ਪਲ ਬੁਝਦਾ ਤੇ ਪਲ ਜਲਦਾ ਏ
ਏਵੇਂ ਹੀ ਇੱਕ ਪਲ ਵਿੱਚ ਉਹ
ਹੰਝੂਆਂ ਦੇ ਪਾਣੀ ਦੇ ਤਲ ਤੇ
ਕੋਈ ਆਸ ਦੀ ਬੇੜੀ ਠਲ੍ਹਦਾ ਏ
ਤੇ ਏਵੇਂ ਹੀ ਹੋਂਦ ਆਪਣੀ ਵਿੱਚ
ਕਦੇ ਡੁੱਬਦਾ, ਕਦੇ ਤਰਦਾ ਏ
ਪਰ ਅਕਸਰ
ਮੌਤੋਂ ਜ਼ਿੰਦਗੀ ਵੱਲ
ਲਹਿਰਾਂ ਵਾਂਗੂੰ ਮੁੜ ਆਉਂਦਾ
ਜਿਉਂ ਪੁਚਕਾਰਿਆ
ਰੁੜ੍ਹਦਾ ਬੱਚਾ
ਖੇਡ ਨਵੀਂ ਲਈ ਰੁੜ ਆਉਂਦਾ।

## ਬਖ਼ਸ਼ੀਂ ਸਿਵੇ ਦੀ ਅਗਨ

ਬਖ਼ਸ਼ੀਂ ਸਿਵੇ ਦੀ ਅਗਨ
ਜਾਂ ਪੁੱਟ ਲਈ ਗ਼ੋਰ ਇਹਨਾਂ ਨੂੰ।
ਕਹਿ ਲਈਂ ਅਮਨ ਦੇ ਪੰਛੀ
ਜਾਂ ਕਹਿ ਲਈਂ ਸ਼ੋਰ ਇਹਨਾਂ ਨੂੰ।
ਇਹ ਫ਼ਿਰ ਵੀ ਪਰਤਣਗੇ
ਨਾ ਤੋਰੀ ਲਾ ਜ਼ੋਰ ਇਹਨਾਂ ਨੂੰ।
ਬਚਾ ਲੈ ਜ਼ਬਰ ਦੇ ਕੰਢੇ
ਤੂੰ ਲਈ ਨਾ ਖ਼ੋਰ ਇਹਨਾਂ ਨੂੰ।
ਡਰ ਪਹਿਲਾ ਤਾਂ ਕੱਢ ਲੈ
ਸਾਜ਼ਸ਼ਾਂ ਮਗਰੋਂ ਘੜ ਲੈਣਾ
ਸ਼ਹੀਦ ਫਿਰ ਵੀ ਹੋਵਣਗੇ
ਮੰਨ ਲਈ ਹੋਰ ਇਹਨਾਂ ਨੂੰ।
ਤੇਰੇ ਸਾਹਮਣੇ ਜੋ ਖੜ੍ਹੇ ਨੇ
ਚਾਹੁੰਦੇ ਹੱਕ ਆਪਣਾ ਹੀ
ਕੱਢ ਲੈ ਇਨਸਾਫ਼ ਦੀ ਕਲਮ
ਤੂੰ ਛੇਤੀ ਟੋਰ ਇਹਨਾਂ ਨੂੰ।
ਭਾਵੇਂ ਨਾ ਹੋਰਾਂ ਨਾਲ ਕਰਨਾ
ਅਹਿਦ ਇਹ ਆਪੇ ਨਾਲ ਕਰ ਲੈ
ਕੁੱਝ ਤਾਂ ਦੇ ਤਸੱਲੀ ਰੂਹ ਨੂੰ
ਫੜਾ ਚਾਵਾਂ ਦੀ ਡੋਰ ਇਹਨਾਂ ਨੂੰ।

## ਸਾਂਝਾ ਖ਼ੂਨ

ਤੇਰੀ ਆਨ ਦੀ ਖ਼ਾਤਰ
ਤੇਰੀ ਸ਼ਾਨ ਦੀ ਖ਼ਾਤਰ
ਆਬਾਂ ਵਾਂਗੂੰ ਡੁੱਲ੍ਹ ਗਏ
ਸਾਡੇ ਖ਼ੂਨ ਨੀ ਦਿੱਲੀਏ।
ਹਥਿਆਰਾਂ ਦੇ ਵਾਂਗੂੰ
ਤੂੰ ਇਸਤੇਮਾਲ ਕਰਦੀ ਰਹੀ
ਲੈ ਕੁਰਸੀ ਭੁੱਲ ਗਈ
ਇਹ ਮਜ਼ਬੂਨ ਨੀ ਦਿੱਲੀਏ।
ਗੁੱਝੇ ਵਾਰ ਰਹੇਂ ਕਰਦੀ
ਹਮਦਰਦ ਭਾਵ ਰੱਖਦੀ ਏਂ
ਤੇਰਾ ਦਿਲ ਦਲੇਰਾਂ ਲਈ
ਪਰਚੂਨ ਨੀ ਦਿੱਲੀਏ।
ਅਸੀਂ ਸਭ ਧਰਮਾਂ ਦੇ ਜਾਏ
ਸਾਡਾ ਏਕੇ ਵਿੱਚ ਵਿਸ਼ਵਾਸ਼
ਪਰ ਤੂੰ ਜ਼ਹਿਰਾਂ ਵਿੱਚ ਧੱਕਦੀ
ਇਹ ਕੀ ਜੂਨ ਨੀ ਦਿੱਲੀਏ।
ਲਾਟਾਂ ਬਣੇ ਸਰੀਰ ਨੀ
ਚੁਰਾਸੀ ਦੇ ਦੰਗਿਆਂ ਨੂੰ
ਫਿਰ ਸਾਡਾ ਹੀ ਡੁੱਲ੍ਹਿਆ
ਕਿਉਂ ਖ਼ੂਨ ਨੀ ਦਿੱਲੀਏ।
ਛੁਪਾ ਕੇ ਗੁਨਹੇਗਾਰਾਂ ਨੂੰ
ਤੂੰ ਸੀਨਾ ਜ਼ੋਰ ਕਿਉਂ ਬਣਦੀ
ਲੈ-ਲੈ ਟੱਕਰਾਂ ਥੱਕ ਗਏ
ਤੁਰਕ ਤੇ ਹੂਣ ਨੀ ਦਿੱਲੀਏ।
ਅਸੀਂ ਸ਼ਰੀਕ ਨਹੀਂ ਤੇਰੇ
ਅਸੀਂ ਵੀ ਹਿੰਦੁਸਤਾਨੀ ਹਾਂ
ਪਰਖ "ਮੈਂ" ਨੂੰ ਭੁੱਲ ਕੇ
ਪਰਖ ਮਜ਼ਬੂਨ ਨੀ ਦਿੱਲੀਏ।
ਤੂੰ ਮਾਂ ਕਿਉਂ ਨਹੀਂ ਬਣਦੀ

ਵਿਤਕਰਾ ਕਿਉਂ ਪਈ ਕਰਦੀ
ਵਹਿ ਕੇ ਵੀ ਸਾਂਝਾ ਰਹੇਗਾ
ਸਾਡਾ ਖ਼ੂਨ ਨੀ ਦਿੱਲੀਏ।

# ਮਕਸਦ

ਕਰ ਹਿੰਮਤ ਤੂੰ ਤੁਰਦਾ ਰਹੀਂ ਰਾਹ ਆਪਣੇ।
ਨਵੇਂ ਅਰਥਾਂ ਲਈ ਮਕਸਦ ਵੱਲ ਜਾਹ ਆਪਣੇ।

ਤੈਨੂੰ ਮੌਤ ਤੱਕ ਜ਼ਿੰਦਗੀ ਤੁਰਨਾ ਸਿਖਾਊਗੀ
ਬੀਆਬਾਨ ਤੇ ਜੰਗਲ ਗਾਹ ਆਪਣੇ।

ਆਪਣਿਆਂ ਨੇ ਦਿੱਤੇ ਜੋ ਵਕਤ ਸਿਰ ਤੈਨੂੰ
ਖੁਸ਼ੀ ਦੇਣ ਜੋਗੇ ਸਾਂਭ ਲਈ ਸਾਹ ਆਪਣੇ।

ਥੋੜ੍ਹੇ-ਥੋੜ੍ਹੇ ਖਰਚ ਲਈ ਮੁਸਕ੍ਰਾਉਣ ਵੇਲੇ
ਤੂੰ ਪੀੜ੍ਹਾਂ ਸੰਗ ਪਏ ਵਾਹ ਆਪਣੇ।

ਹੈ ਬੜਾ ਕੁਝ ਬਾਕੀ ਤੇਰਾ ਦੁਨੀਆਂ ਦੇ ਵਿੱਚ
ਤੂੰ ਹਰ ਕਦਮ ਸੁਪਨੇ ਚਾਹ ਆਪਣੇ।

# ਅਮਲ ਦੀ ਲਕੀਰ

ਖਿੱਚਦਿਆਂ ਹੋਇਆ
ਲਕੀਰ ਅਮਲ ਦੀ
ਤੇਰੇ ਅੰਦਰ ਰੁਤਬਾ ਸੀ
ਪਾਰ ਕਰਦਿਆਂ
ਲਕੀਰ ਅਮਲ ਦੀ
ਤੇਰੇ ਅੰਦਰ ਤਰਲਾ ਸੀ।
ਉਸ ਤਰਲੇ ਨੂੰ
ਕੀ ਕਹੀਏ
ਨਿਮਰਤਾ
ਅਪਣੱਤ
ਹਮਦਰਦੀ
ਜਾਂ
ਕੂਟਨੀਤੀ.....?
ਸਭ ਕੁਝ ਤਾਂ ਸੀ
ਤੇਰੀ ਸੋਚ ਤੋਂ
ਜ਼ੁਬਾਨ ਤੱਕ
ਸਹਿਮ ਤੋਂ
ਆਜ਼ਾਨ ਤੱਕ।

# ਜ਼ਿੰਦਗੀ

ਰੋ ਕੇ ਹੱਸਣਾ
ਤੇ ਹੰਝੂ ਛੁਪਾਉਣਾ
ਸਭ ਨੂੰ ਹਸਾਉਣ ਦਾ
ਨਾਮ ਹੈ ਜ਼ਿੰਦਗੀ।
ਡਿੱਗ ਕੇ ਉਠ ਤੁਰਨਾ
ਫਿਰ ਡਿੱਗਣਾ
ਅੱਗੇ ਵਧਣ ਦਾ
ਨਾਮ ਹੈ ਜ਼ਿੰਦਗੀ।
ਗੁਆ ਕੇ ਸਭ ਕੁਝ
ਆਪਣੇ ਪੱਲਿਓਂ
ਖਿੜ ਕੇ ਹੱਸਣ ਦਾ
ਨਾਮ ਹੈ ਜ਼ਿੰਦਗੀ।
ਆਪਣੇ ਤਾਂ ਹੁੰਦੇ
ਰਹਿਣਗੇ ਫਿਰ ਕਦੇ
ਕੰਮ ਹੋਰਾਂ ਦੇ ਆਉਣ ਦਾ
ਨਾਮ ਹੈ ਜ਼ਿੰਦਗੀ।
ਕੱਢ ਦਿਲਾਂ 'ਚੋਂ
ਕੜਵਾਹਟ ਓ ਸੱਜਣਾ
ਪਿਆਰ ਵੰਡਾਉਣ ਦਾ
ਨਾਮ ਹੈ ਜ਼ਿੰਦਗੀ।
ਭਲ ਕੇ ਜੀਵੇਂ
ਜਾਂ ਮਰ ਜਾਵੇ ਭਾਵੇਂ
ਰੱਜ ਕੇ ਜਿਉਣ ਦਾ
ਨਾਮ ਹੈ ਜ਼ਿੰਦਗੀ।

## ਅਨੁਵਾਦ

ਲਰਜ਼ੀ ਹਵਾ
ਫ਼ਿਜ਼ਾ ਦਾ ਹਰ ਪੱਤਾ
ਰਾਗ ਹੋਇਆ
ਮੇਰਾ ਕਿਸੇ ਰੂਹ ਨਾਲ ਫਿਰ
ਸੰਵਾਦ ਹੋਇਆ
ਮੇਰਿਆ ਲਫ਼ਜ਼ਾਂ 'ਚ ਜਦ
ਦਰਦ ਮਨੁੱਖਤਾ ਦਾ
ਅਨੁਵਾਦ ਹੋਇਆ
ਮੈਨੂੰ ਲੱਗਿਆ ਮੇਰਾ
ਨਜ਼ਮ ਨਾਲ ਰਿਸ਼ਤਾ
ਸੁਆਦ-ਸੁਆਦ ਹੋਇਆ।

## ਰੌਸ਼ਨੀ ਦੀ ਆਇਤ

ਨੇਕੀ ਨੂੰ ਬਣਾ ਲੈ ਜ਼ਿੰਦਗੀ
ਨਾ ਬਦੀ ਨਾਲ ਇਕਰਾਰ ਕਰ

ਇਸ ਰੌਸ਼ਨੀ ਦੀ ਆਇਤ ਨੂੰ
ਹਰ ਸਵੇਰ ਨਮਸਕਾਰ ਕਰ।

ਚਿੱਕੜ ਵਿੱਚੋਂ ਕਮਲ ਵਾਂਗ
ਤੂੰ ਆਪਣਾ ਸਾਫ਼ ਕਿਰਦਾਰ ਕਰ।

ਛੱਡ ਖਹਿੜਾ ਡੇਰਾਵਾਦ ਦਾ
ਨਵੀਂ ਸੋਚ ਤੇ ਵਿਚਾਰ ਕਰ।

ਕਰ ਮਿਹਨਤ ਹੱਕ ਹਲਾਲ ਦੀ
ਹੱਕ ਪਰਾਏ ਤੋਂ ਇਨਕਾਰ ਕਰ।

ਇਹ ਦੁਨੀਆਂ ਛੱਡ ਕੇ ਤੁਰ ਜਾਣਾ
ਤੂੰ ਬਹੁਤਾ ਨਾ ਹੰਕਾਰ ਕਰ।

## ਜ਼ਮਾਨਾ

ਇਹ ਕੇਹੀ ਆਧੁਨਿਕਤਾ
ਇਹ ਕੇਹੀ ਤਰੱਕੀ
ਰੇਤ ਵਾਂਗ ਕਿਰਦਾ
ਜ਼ਮਾਨਾ ਆ ਗਿਆ।
ਵਾੜ ਖਾਂਦੀ ਖੇਤ ਨੂੰ
ਵੇਖ ਲਉ ਜ਼ਰਾ
ਮੂੰਹੋਂ ਬੁਰਕੀ ਖੋਹਣ ਦਾ
ਜ਼ਮਾਨਾ ਆ ਗਿਆ।
ਅਸਲੋਂ ਮਹਿੰਗੀ
ਪਰ ਅਮਲੋਂ ਸਸਤੀ
ਨੇਤਾਗਿਰੀ ਦਾ ਦੋਗਲਾ
ਜ਼ਮਾਨਾ ਆ ਗਿਆ।
ਰੁਜ਼ਗਾਰ ਵਿਹੂਣੀ
ਨੌਜੁਆਨੀ ਕੀ ਕਰੇ
ਨਸ਼ਿਆਂ ਦਾ ਭੈੜਾ
ਜ਼ਮਾਨਾ ਆ ਗਿਆ।
ਦਾਤ ਮੰਗਦੇ
ਅੰਨਦਾਤੇ ਵੀ ਹੈ ਬੜੇ
ਲੱਖੋਂ ਕੱਖ ਦਾ ਬੁਰਾ
ਜ਼ਮਾਨਾ ਆ ਗਿਆ।
ਹਰਿਆਂ ਤੋਂ ਪੀਲੇ
ਪੈ ਗਏ ਇਹ ਰਿਸ਼ਤੇ
ਪਰਿਵਾਰੋਂ ਤਿੜਕਦਾ
ਜ਼ਮਾਨਾ ਆ ਗਿਆ।
ਹੋਰ ਭਲਾ ਕੀ ਆਖਾਂ
ਜ਼ੁਬਾਨੋਂ ਬੋਲ ਕੇ
ਅਜ਼ਾਦੀ ਵਿੱਚ ਵੀ ਟੁੱਟਦਾ
ਜ਼ਮਾਨਾ ਆ ਗਿਆ।

## ਆਗ਼ਾਜ਼

ਕਿਸ ਸੂਰਜ ਨੂੰ ਤੱਕੋਗੇ
ਰੌਸ਼ਨੀ ਦੀ ਖ਼ਾਤਰ
ਨਾ ਪੈਣਾ ਭਟਕਣਾ 'ਚ
ਖੁਸ਼ਕ ਹਵਾ ਬਣ ਕੇ।
ਸੰਭਾਲ ਲਓ ਹੁਣ
ਆਪਣੇ ਤਿਲਕਦੇ ਪੈਰਾਂ ਨੂੰ
ਵਿਛ ਨਾ ਜਾਣਾ ਭੋਲਿਓ
'ਕਾਲੇ ਨਾਗਾਂ' ਲਈ ਰਾਹ ਬਣ ਕੇ।
ਜੋਕਾਂ ਤੇ ਭਾਰੀ ਪੈ ਜਾਣਾ
ਪਰ ਢੋਕਾਂ ਨਾ ਰਹਿ ਜਾਣਾ
ਨਾ ਭੁਗਤਣਾ ਸਜ਼ਾ
ਅਣਕੀਤਾ ਗੁਨਾਹ ਬਣ ਕੇ।
ਐ ਮੇਰੇ ਧੀਓ-ਪੁੱਤਰੋ
ਮੈਂ ਆਗਾਜ਼ ਕਰਦਾ ਹਾਂ
ਮਿਟ ਨਾ ਜਾਣਾ ਤੁਸੀਂ
ਗ਼ੈਰਾਂ ਦੀ ਸਲਾਹ ਬਣ ਕੇ।
ਆਪਣੀ ਮਾਂ ਪੰਜਾਬੀ ਨੂੰ
ਹਰ ਦਰਦ ਕਹਿ ਦੇਣਾ
ਮੈਂ ਪਿਤਾ ਪੰਜਾਬ ਹਾਂ
ਰਹਿਣਾ ਮੇਰੇ ਸਾਹ ਬਣ ਕੇ।
ਤੇਰੇ ਵਰਗਿਆਂ ਲਈ
ਮੈਂ ਕੁਰਬਾਨ ਹੋ ਚੁੱਕਾ
ਜਗਦੀ ਜ਼ਮੀਰ ਵਾਂਗ
ਖਿੜਨਾ ਕਪਾਹ ਬਣ ਕੇ।

# ਅੱਲਾ

ਮੇਰੀ ਦੁਆ ਨੂੰ
ਕਬੂਲ ਕਰ
ਭਾਵੇਂ ਜ਼ਿੰਦਗੀ
ਵਸੂਲ ਕਰ।
ਐ ਅੱਲਾ
ਮੇਰੇ ਮੌਲਾ
ਮੇਰੇ ਸਾਹਾਂ ਨੂੰ ਮਿਟਾ ਕੇ
ਮੱਥੇ ਮੌਤ ਨੂੰ ਸਜਾ ਦੇ
ਪੁੱਤ ਅੰਮੀ ਨੂੰ ਮਿਲਾ ਦੇ
ਹਰ ਰੀਝ ਤੂੰ ਪੁਗਾ ਦੇ
ਐ ਅੱਲਾ
ਮੇਰੇ ਮੌਲਾ
ਮੇਰਾ ਨਾਮ ਮੇਰੇ ਕਰਮ
ਮੇਰਾ ਧਰਮ ਬਸ ਤੂੰ ਹੀ
ਮੇਰੀ ਰੂਹ ਨੂੰ ਜਗਾ ਕੇ
ਇਹ ਅਲਖ਼ ਮਿਟਾ ਦੇ
ਐ ਅੱਲਾ
ਮੇਰੇ ਮੌਲਾ
ਜੇ ਪ੍ਰਾਣ ਨਹੀਓਂ ਲੈਣੇ
ਏਨਾ ਦੂਰ ਤੂੰ ਵਸਾ ਦੇ
ਕਿ ਮੇਰੀ ਚੀਖ਼ ਤੇਰੇ ਤੀਕ
ਤੇ ਗ਼ਮ ਫ਼ਿਜ਼ਾ 'ਚ ਫੈਲਾ ਦੇ
ਐ ਅੱਲਾ
ਮੇਰੇ ਮੌਲਾ
ਬੇਸ਼ੱਕ ਰਿਸ਼ਤਿਆਂ ਤੋਂ ਦੂਰ
ਕੋਈ ਜੰਨਤ ਨਹੀਓਂ ਹੁੰਦੀ
ਪਰ ਮੈਨੂੰ ਮੇਰਾ ਅੰਮ੍ਰਿਤ
ਤੂੰ ਇੰਝ ਹੀ ਪਿਲਾ ਦੇ।
ਐ ਅੱਲਾ

ਮੇਰੇ ਮੌਲਾ
ਪਰਿੰਦਾ ਮੇਰੇ ਰੁਦਨ ਦਾ
ਉਡਾਰੀ ਅੰਬਰਾਂ ਤੇ ਚਾਵ੍ਹੇ
ਮੈਂ ਸਜਦਾ ਕਰਾਂ ਜ਼ਿਮੀਂ ਨੂੰ
ਮੇਰੀ ਪਿਆਸ ਨੂੰ ਬੁਝਾ ਦੇ
ਐ ਅੱਲਾ
ਮੇਰੇ ਮੌਲਾ
ਰਹਿਮ ਕਰ ਮਿਹਰ ਕਰ
ਵਿਛੜੇ ਹੋਏ ਮੋਹ ਦੇ
ਸਾਂਝੇ ਖ਼ੁਆਬ ਨੂੰ ਸਜਾ ਦੇ
ਰੋਂਦੇ ਬਾਲ ਨੂੰ ਹਸਾ ਦੇ
ਰੋਂਦੇ ਬਾਲ ਨੂੰ ਹਸਾ ਦੇ।

# ਨੂਰ

ਅੱਜ ਮੇਰਾ
ਬੜਾ ਜੀ ਕਰਦੈ
ਮੈਂ ਹੋਵਾਂ ਮਕਸਦਹੀਣ
ਬਿਨਾ ਮਕਸਦੋਂ
ਬੜਾ ਮਨ ਕਰਦੈ
ਖੁੱਲ੍ਹੇ ਖੇਤਾਂ ਵਿੱਚ ਦੌੜਾਂ
ਮਿੱਟੀ ਦੇ ਵਿੱਚ ਹੋਵਾਂ ਮਿੱਟੀ
ਨੱਸਾਂ ਕੁੱਦਾਂ ਹੱਸਾਂ
ਤੋੜ ਸੁੱਟਾਂ
ਹਰ ਵਲਗਣ ਨੂੰ
ਅੱਥਰੇ ਚਾਅ ਦੇ ਮਗਰ-ਮਗਰ
ਭੌਰੇ ਤਿਤਲੀਆਂ
ਜਿਉਂ ਫਿਰਦੇ ਘੁੰਮਦੇ ਲਗਰ-ਲਗਰ
ਹਵਾਵਾਂ ਦੇ ਪਰਾਂ 'ਤੇ
ਬਹਿ ਕੇ ਜਾਵਾਂ ਦੂਰ ਕਿਤੇ
ਚਾਨਣ-ਚਾਨਣ ਭਰਜਾਂ ਮੈਂ
ਮਿਲੇ ਜੇ ਮੈਨੂੰ ਨੂਰ ਕਿਤੇ
ਏਸ ਨੂਰ ਨੂੰ
ਬੁੱਕੀਂ ਭਰ ਕੇ
ਗਟ-ਗਟ ਕਰਕੇ ਪੀਵਾਂ
ਓ ਰੱਬਾ
ਤੇਰੇ ਆਸਾਂ ਦੇ
ਖਿਡੌਣੇ ਆਸਰੇ
ਮੈਂ ਮੁੜ-ਮੁੜ ਕੇ ਜੀਵਾਂ।

## ਆਖ਼ਰ ਕਿਉਂ

ਜਿਨ੍ਹਾਂ ਲੋਕਾਂ ਨਾਲ ਰਿਹਾ
ਰਿਸ਼ਤਾ ਤੇ ਸਮਾਜ ਸਾਂਝਾ
ਉਹਨਾਂ ਦਿਲਾਂ ਦੇ ਤਲਾਬ ਤੋਂ
ਸਾਂਝ ਦੇ ਪੰਛੀ
ਪਿਆਸੇ ਮੁੜਦੇ ਨੇ ਕਿਉਂ
ਆਖ਼ਰ ਕਿਉਂ
ਭੈਅ ਆਉਂਦਾ ਏ
ਹਰ ਸ਼ਖ਼ਸ ਤੋਂ
ਹਰ ਸ਼ਖ਼ਸ ਨੂੰ
ਕੋਈ ਸਾਂਝ ਪਾਉਣ ਲੱਗਿਆ.....?

# ਸੁਨਹਿਰੀ ਜ਼ਿਕਰ-ਪੰਜਾਬ

ਸੀ ਜ਼ਰ ਲਿਆ ਜਿਸ ਮੁਲਕ ਨੇ
ਹਰ ਜ਼ਖ਼ਮ ਹੱਸ ਕੇ ਵਕਤ ਦਾ
ਨਵੇਂ ਜ਼ਖ਼ਮਾਂ ਲਈ ਤਿਆਰ ਖੜੇ ਨੂੰ
ਫਿਰ ਵਕਤ ਸਵਾਲ ਕਰਦਾ.....।
ਵਕਤ ਦਾ ਸਵਾਲ—
ਐ ਮੇਰੇ ਪੰਨਿਆਂ ਦੇ
ਸੁਨਹਿਰੀ ਜ਼ਿਕਰ
ਕਰਦਾ ਮੈਂ ਰਹਿੰਦਾ
ਬੜਾ ਤੇਰਾ ਫ਼ਿਕਰ
ਰਿਹਾ ਖੜਗ ਭੁਜਾ ਬਣਿਆ
ਤੇਰਾ ਮੁੱਢ ਵੀ ਤੇ ਮੱਧ ਵੀ
ਕਿਵੇਂ ਅੱਜ ਨੂੰ ਤੁਲਨਾਵਾਂ
ਰਿਹਾ ਨਾ ਜੋ ਅੱਧ ਵੀ
ਐ ਜ਼ੁਲਮ ਦੇ ਦੁਸ਼ਮਣ
ਦੱਸ, ਸਾਂਝ ਦੇ ਸੁਨੇਹੇ
ਅੱਜ ਧਰਨ ਵਾਲਾ ਕੌਣ ਏ
ਤੇਰੇ ਜ਼ਖ਼ਮਾਂ ’ਤੇ ਫ਼ੇਹੇ
ਐ ਸੰਤਾਲੀ ਦੇ ਹੰਝੂਆਂ
ਚੁਰਾਸੀ ਦੇ ਦਰਦਾ
ਰਿਹਾ ਟੁਕੜਿਆਂ ’ਚ ਵਟਦਾ
ਤੂੰ ਸੀ ਵੀ ਨੀ ਕਰਦਾ
ਹਾਕਮ ਮਤਰੇਵੇਂ ਦੀ
ਹਰ ਚੁਣੌਤੀ ਤੇ ਖੜਦਾ
ਮੈਂ ਵੇਖ ਰਿਹਾ ਅੱਜ ਵੀ
ਭਲਾ ਮੈਥੋਂ ਕੀ ਪੜਦਾ
ਐ ਕੁਰਬਾਨੀ ਦੇ ਜਜ਼ਬੇ
ਤੈਨੂੰ ਕਰਦਾ ਹਾਂ ਸਿਜਦਾ
ਪਰ ਫ਼ਿਕਰਾਂ ਵਾਲਿਆਂ ਦਾ
ਦਿਲ ਕਿਉਂ ਨੀ ਧਿਜਦਾ

ਤੂੰ ਗੁਰੂਆਂ ਦੀ ਧਰਤੀ
ਤੇਰਾ ਨਾਂ ਏ ਦੁਆਵਾਂ
ਗੁੰਮਰਾਹਾਂ ਦੀ ਨਸਲ ਨੂੰ
ਕਿਵੇਂ ਦੱਸਾਂ, ਸੁਣਾਵਾਂ ?
ਪੰਜਾਬ ਦਾ ਜਵਾਬ
ਐ ਪੰਨਿਆਂ ਦੇ ਸਿਰਜਕ
ਇਤਿਹਾਸਾਂ ਦੇ ਚਾਲਕ
ਮੇਰੀ ਤੈਨੂੰ ਵੀ ਫ਼ਿਕਰ ਏ
ਫ਼ੁਰਮਾਨ-ਏ-ਮਾਲਕ
ਰਿਹਾ ਤੀਲਾ-ਤੀਲਾ ਜੋੜਦਾ
ਮੈਂ ਸਾਂਝਾਂ ਦੇ ਘਰ ਨੂੰ
ਜ਼ਾਲਮ ਸੀ ਲੱਭਦੇ
ਮੇਰੇ ਹੀ ਦਰ ਨੂੰ
ਮੇਰੀ ਜੰਗਾਂ ਦੀ ਯੁੱਧਾਂ ਦੀ
ਦਲੇਰਾਂ ਦੀ ਧਰਤੀ
ਆਪਣਿਆਂ ਲਈ ਗ਼ੈਰਾਂ ਦੇ
ਹਵਾਲੇ ਸੀ ਕਰਤੀ
ਐ ਮੇਰੇ ਇਮਤਿਹਾਨ
ਮੈਨੂੰ ਗੁਰੂਆਂ ਦੀ ਥਾਪੀ
ਹਰ ਟੁਕੜੇ ਦੀ ਦੂਰੀ
ਮੇਰੇ ਪੁੱਤਾਂ ਨੇ ਨਾਪੀ
ਮੇਰੇ ਦਰਦਾਂ ਦੇ ਹਾਮੀ
ਮੈਂ ਪਾਇਆ ਬੜਾ ਕੁਝ
ਪਰ ਤੇਰੇ ਹੀ ਸਾਹਵੇਂ
ਗਵਾਇਆ ਬੜਾ ਕੁਝ
ਐ ਯਾਦਾਂ ਦੇ ਮਹਿਰਮ
ਪੀੜ ਭੁੱਲ ਵੀ ਨੀ ਹੁੰਦੀ
ਅੱਜ ਸਾਂਭਣ ਵਾਲੇ ਸੱਜਣਾਂ ਤੋਂ
ਮੁਸ਼ਕਲ ਹੱਲ ਵੀ ਨੀ ਹੁੰਦੀ
ਪਰਤਣਗੇ ਕਦੇ ਤਾਂ ਪਰ
ਗੁੰਮਰਾਹਾਂ ਦੇ ਰਾਹੀ
ਸਰਬੱਤ ਦੇ ਭਲੇ ਦੀ
ਦਾਤ ਮੈਂ ਵੀ ਤਾਂ ਚਾਹੀ।

# ਤਸਵੀਰ ਸੋਚ ਦੀ

ਕੁਦਰਤ ਦੇ ਹਰ ਰੰਗ
ਦਾ ਮਤਲਬ ਜ਼ਿੰਦਗੀ ਏ
ਬਸ ਤਸਵੀਰ ਸੋਚ ਦੀ
ਨਵੀਂ ਸਜਾਉਣਾ ਬਾਕੀ ਏ।
ਕਾਫ਼ਰ-ਕਾਫ਼ਰ ਛੱਡ ਦੇ
ਕਹਿਣਾ ਹੋਰਾਂ ਨੂੰ
ਖੁਦ ਮੱਥਿਓਂ ਇਲਜ਼ਾਮ
ਮਿਟਾਉਣਾ ਬਾਕੀ ਏ।
ਸ਼ਹਿਰ ਤੇਰੇ ਦੀ ਹਵਾ
ਵੀ ਬਦਲੀ ਹੋਈ ਏ
ਬਸ ਮੂੰਹ ਤੇਰਿਓਂ
ਸੱਚ ਕਹਾਉਣਾ ਬਾਕੀ ਏ।
ਖੁਦ ਨੂੰ ਸੂਰਜ ਮੰਨ ਲੈ
ਜਾਂ ਫਿਰ ਜੁਗਨੂੰ ਹੀ
ਨਿੱਜ ਤੋਂ ਪਰ ਵੱਲ
ਸਭ ਰੁਸ਼ਨਾਉਣਾ ਬਾਕੀ ਏ।
ਕੀ ਏ ਤੇਰੀ ਹਸਤੀ
ਕਿ ਰੁੱਖ ਮੋੜ ਦੇਵੇਂ
ਨਾਲ ਕਾਫ਼ਲੇ ਕੁਝ
ਕਰ ਵਿਖਾਉਣਾ ਬਾਕੀ ਏ।

## ਸਾਂਝਾ ਖ਼ੁਆਬ

ਜੁਟ ਜਾਓ ਆਤੰਕ ਦੇ ਤੇ ਸਭ ਭੇਦਾਂ ਦੇ ਜੁਆਬ ਲਈ।
ਸੁਆਲ ਬਣੇ ਭਵਿੱਖ ਦੀਆਂ ਅੱਖਾਂ ਦੇ ਆਬ ਲਈ।

ਜ਼ਿੰਦਗੀ ਭਰ ਰਹਿੰਦੇ ਹੋ ਜਿਨ੍ਹਾਂ ਦੀਆਂ ਛਾਵਾਂ ਹੇਠ
ਹੀਲਾ ਕਰੋ ਔਰਤ ਦੀਆਂ ਪੀੜ੍ਹਾਂ ਦੇ ਹਿਸਾਬ ਲਈ।

ਲੋਕੋ ਪੁੱਛੋ ਖਾਂ ਰਲ ਕੇ ਮੁੱਲ ਜ਼ਰਾ ਵੋਟਾਂ ਦਾ
ਲੜਾ ਕੇ ਲੜਦੇ ਨੇ ਨਵਾਬਾਂ ਦੇ ਖ਼ਿਤਾਬ ਲਈ।

ਬੁੱਧ ਨੂੰ, ਯਿਸੂ ਨੂੰ, ਕ੍ਰਿਸ਼ਨ ਨੂੰ, ਮੁਹੰਮਦ ਨੂੰ
ਦੁਆ ਕਰੋ ਨਾਨਕ ਨੂੰ ਸਾਂਝੇ ਇੱਕ ਖ਼ੁਆਬ ਲਈ।

ਜਿਸ ਮੱਥੇ ਤੇ ਲਿਖੀਆਂ ਸੀ ਫ਼ਟਕਾਰਾਂ ਤੇ ਠੋਕਰਾਂ
ਓਸੇ ਮੱਥਿਓਂ ਉਕਰੀਆਂ ਕਵਿਤਾਵਾਂ ਕਿਤਾਬ ਲਈ।

## ਮਾਨਵੀ ਮੁੱਲ

ਐ ਦੁਨੀਆਦਾਰ
ਐ ਜ਼ਿੰਮੇਵਾਰ
ਸਮਾਜ ਦੇ ਨੁਮਾਇੰਦੇ
ਤੂੰ ਦੋ ਪਲ ਘੱਟ
ਪਰ ਅਣਖ ਨਾਲ ਜਿਉਂਦਾ ਆਇਆ ਏਂ
ਤੂੰ ਦੋ ਪੈਰ ਘੱਟ
ਪਰ ਮਟਕ ਨਾਲ ਤੁਰਦਾ ਆਇਆ ਏਂ
ਤੂੰ ਦੁਆ ਕਰਦਾ ਆਇਆ ਏਂ
ਸਾਈਂ! ਬਾਰ ਪਰਾਏ ਨਾ ਬੈਠਣ ਦੇਈਂ
ਤੂੰ ਹਾਮੀ ਭਰਦਾ ਆਇਆ ਏਂ
ਆਪਣੇ ਨਾਵਾਂ ਦੀ ਥਾਵਾਂ ਦੀ
ਬੋਲੀ ਦੀ ਮਾਵਾਂ ਦੀ
ਏਕੇ ਦੀ ਬਰਕਤ ਦੀ
ਆਪਣੀਆਂ ਯੋਗਤਾਵਾਂ ਦੀ
ਤੂੰ ਮਾਣ ਕਰਦਾ ਆਇਆ ਏਂ
ਆਪਣੀ ਇਸ ਦੌਲਤ ਤੇ
ਵੇਖੀਂ
ਤੇਰੇ ਭਾਰਤ ਦੇਸ਼ ਨੂੰ
ਤੇਰੇ ਸਭ ਭੈਣਾਂ ਤੇ ਭਾਈਆਂ ਨੂੰ
ਸਾਮਰਾਜਵਾਦ
ਇਹੀ ਦੌਲਤ ਲੁੱਟ ਕੇ
ਸਦਾ ਲਈ
ਗੁਲਾਮ ਬਣਾਉਣਾ ਲੋਚਦੈ
ਐ ਦੁਨੀਆਦਾਰ ਬੰਦੇ
ਤੂੰ ਦੁਨੀਆਦਾਰ ਤਾਂ ਬਣਿਆ ਰਹਿ
ਪਰ ਵਿਕਾਸ ਦੇ ਸਬਜ਼ਬਾਗਾਂ ਲਈ
ਭੁੱਖ ਗਰੀਬੀ ਤੇ ਅੰਧਕਾਰ ਨਾ ਸਹਿ
ਸਮਾਰਟ ਫ਼ੋਨ ਤੇ ਕੰਪਿਊਟਰ ਵਰਗੇ
ਹੋਰਨਾਂ ਖਿਡਾਉਣਿਆਂ ਨਾਲ

ਗਿਆਨ ਤੇ ਵਿਗਿਆਨ ਸਿੱਖਦੈਂ
ਸੰਚਾਰ ਵੀ ਕਰਦੈਂ
ਪਰ ਲੋੜੋਂ ਵੱਧ ਖੇਡ ਕੇ
ਆਪਣੀ ਅਮੀਰ ਦੌਲਤ ਦਾ
ਗਲਤ ਹੱਥੀਂ ਵਪਾਰ ਨਾ ਕਰ ਬੈਠੀਂ
ਐ ਦੁਨੀਆਦਾਰ
ਇਹ ਵਪਾਰ
ਤੇਰੀ ਭੁੱਖ ਗਰੀਬੀ ਅਨਪੜ੍ਹਤਾ
ਮਿਟਾਉਣ ਲਈ ਨਹੀਂ
ਤੈਨੂੰ ਮਿਟਾਉਣ ਲਈ ਏ
ਵਸਤਾਂ ਨਾਲ ਪੂੰਜੀ ਨਾਲ
ਤੇਰੀਆਂ ਲੋੜਾਂ ਦਾ
ਭੁਲੇਖਾ ਪਾਉਣ ਵਾਲੇ
ਜਾਲ ਬੁਣਦੇ
ਇਹ ਬਾਹਰੀ ਮਦਦਗਾਰ ਤਾਂ
ਲੁਟੇਰੇ ਨੇ
ਤੇਰੀ ਦੌਲਤ ਦੇ
ਤੇਰੇ ਦੇਸ਼ ਦੇ
ਤੇਰੇ ਭੈਣਾਂ ਤੇ ਭਾਈਆਂ ਦੇ
ਸੁਚੇਤ ਰਹੀਂ
ਤਕਨੀਕ ਦੇ 'ਉੱਚੇ ਮੁੱਲ'
'ਮਾਨਵੀ ਮੁੱਲਾਂ' ਦੇ ਤੁਲ
ਕਦੇ ਨਹੀਂ ਹੋ ਸਕਦੇ
ਕਦੇ ਨਹੀਂ ਹੋ ਸਕਦੇ।

## ਸਵਾਲ ਕਾਇਰ ਚੁੱਪੀ ਨੂੰ

ਫ਼ਰਕ ਪੈਂਦਾ ਹੈ ਮੈਨੂੰ
ਮੇਰੇ ਅੰਦਰ ਮਿਟ ਕੇ ਜਿਉਂਦੇ
ਮੇਰੇ ਹੀ ਬੰਧਨ ਮੁਕਤ ਜੀਵਨ ਤੋਂ
ਕੁਰਬਾਨ ਹੋਏ ਹਰ ਸ਼ਖ਼ਸ ਨੂੰ
ਫ਼ਰਕ ਪੈਂਦਾ ਹੈ ਉਸ ਨੂੰ
ਜੋ ਕੱਲ੍ਹ ਵੇਖੇਗਾ ਮੈਨੂੰ
ਮੇਰੇ ਇਤਿਹਾਸ 'ਚੋਂ
ਕਿਉਂਕਿ
ਵਿਸ਼ਵੀਕਰਨ ਦੀ
ਕੋਈ ਭਾਵਹੀਣ
ਮਸ਼ੀਨ ਹੋਣ ਤੋਂ ਪਹਿਲਾਂ
ਮੈਂ ਮਨੁੱਖ ਹਾਂ
ਵਕਤ ਵਾਂਗ
ਅੱਜ ਹੋਣਾ
ਫਿਰ ਕੱਲ੍ਹ ਹੋਣਾ
ਫ਼ਿਤਰਤ ਤਾਂ ਮੇਰੀ ਵੀ ਹੈ
ਪਰ ਬੇਲੋੜੇ ਬਦਲਾਅ ਨੂੰ ਵੇਖ
ਕਾਇਰਾਂ ਵਾਲੀ ਚੁੱਪ 'ਚ ਨਿਪੁੰਨ ਹੋਣਾ
ਮੇਰੀ ਫ਼ਿਤਰਤ ਤੋਂ ਬਾਹਰ ਏ
ਮੈਂ ਤਾਂ ਹੋਣਾ ਏ
ਆਪਣੀ ਜ਼ਮੀਰ ਦੇ ਸਵਾਲਾਂ ਸਨਮੁੱਖ
ਮੈਂ ਤਾਂ ਹੋਣਾ ਏ
ਪੁਰਖਿਆਂ ਦੀ ਸ਼ਮਸ਼ੀਰ ਦੇ ਸਵਾਲਾਂ ਸਨਮੁੱਖ
ਪਾਸ਼ ਨੇ ਵੀ ਵਰਜਿਆ ਸੀ
ਸਭ ਤੋਂ ਖ਼ਤਰਨਾਕ ਚੁੱਪ ਤੋਂ
'ਚਗ਼ਲੇ ਹੋਏ ਸਵਾਦਾਂ' ਦੀ
ਤਿੱਖੀ ਤੇ ਭੈੜੀ ਧੁੱਪ ਤੋਂ
ਰੋਟੀ ਤਾਂ
ਕਾਇਰਾਨਾ ਚੁੱਪ ਨੂੰ ਵੀ ਖਾਣੀ ਪੈਂਦੀ ਏ

ਦੁਨੀਆਂ ਦੇ ਦੋ ਧਾਰੇ ਬੋਲ ਤਾਂ
ਚੁੱਪ ਨੂੰ ਵੀ ਸੁਣਨੇ ਪੈਂਦੇ ਨੇ
ਧਰਮ ਤਾਂ ਚੁੱਪ ਦਾ ਵੀ ਕੋਈ ਹੋਣੈ
ਫਿਰ ਕਿਉਂ ਨਹੀਂ ਭਾਲਦੀ ਜ਼ਿੰਦਗੀ
ਸਭ ਤੋਂ ਖ਼ਤਰਨਾਕ ਚੁੱਪ
ਕਿਉਂ ਨਹੀਂ ਤਿਆਗਦੀ
ਨਿੱਜ ਦੇ ਨਫ਼ੇ ਨੂੰ ਨੁਕਸਾਨ ਨੂੰ
ਕਿਉਂ ਨਹੀਂ ਚਾਹੁੰਦੀ ਚੁੱਪ
ਸਰਬੱਤ ਦੇ ਭਲੇ ਲਈ ਬੋਲਣਾ
ਜਾਂ ਫਿਰ ਭਾਅ ਗਿਆ ਏ ਉਸ ਨੂੰ
ਪਲ-ਪਲ ਮਰਨਾ
ਰੋਮ-ਰੋਮ ਮਿਟਣਾ
ਦੱਸੋ ਖਾਂ ਨਿਪੁੰਨ ਕਾਇਰ ਚੁੱਪ ਦਾ
ਕੀ ਇਹ ਹੈ ਜਿਉਣਾ
ਸਾਹ-ਸਾਹ ਘੁਟਣਾ
ਆਪੇ ਨੂੰ ਵਿਸਾਰ ਕੇ
ਆਪਾ ਹੀ ਲੁਟਣਾ.......?

# ਜ਼ਿੰਦਗੀ ਦੀ ਅਜ਼ਮਾਇਸ਼

ਕਦੇ-ਕਦੇ
ਤੂੰ ਮੇਰੇ ਲਈ
ਬਦਦੁਆ ਵੀ
ਬਣ ਜਾਇਆ ਕਰ
ਅਜ਼ਮਾ
ਲੈਂਦੀ ਏ ਜ਼ਿੰਦਗੀ
ਦੁਆਵਾਂ ਤੋਂ
ਬਿਨਾ ਵੀ......।

# ਯਾਦਾਂ

ਮੁਕਟ
ਤੇਰੀਆਂ ਯਾਦਾਂ ਦਾ
ਜਦ
ਸਿਰ ਮੇਰੇ ’ਤੇ
ਸਜ ਜਾਂਦਾ
ਮੈਂ
ਹੋਰ ਇਕੱਲਾ ਹੋ ਜਾਂਦਾ
ਤੇ
ਹੋਰ ਬੇਗਾਨਾ ਹੋ ਜਾਂਦਾ।

## ਸੁਲਤਾਨਗੀ

ਬੜਾ ਤੜਪਿਆ
ਉਲਝਿਆ
ਆਪਣੇ ਹੁੰਦਿਆਂ
ਵੀਰਾਨਗੀ ਦਿੱਤੀ
ਮੇਰੇ ਹੀ
ਆਪਣਿਆਂ ਮੈਨੂੰ
ਵੇਖੋ ਕੇਹੀ
ਸੁਲਤਾਨਗੀ ਦਿੱਤੀ।

# ਕਾਹਨ

ਹੋਣ ਮੁਬਾਰਕ ਮੇਰੇ ਰਿਸ਼ਤਿਓ
ਤੁਹਾਨੂੰ ਦਿਲਲਗੀ ਦੇ ਤੋਹਫ਼ੇ
ਐ ਖੁਸ਼ੀਓ
ਦਰਦੋ
ਖ਼ੁਆਬੋ
ਤੇ ਮੇਰੇ ਲਫ਼ਜ਼ੋ
ਤੁਸੀਂ ਹੋ ਕਾਹਨ ਮੇਰੇ
ਤੇ ਮੇਰੀ ਜ਼ਿੰਦਗੀ ਦੇ ਤੋਹਫ਼ੇ।

੧ ੧ ੧